ਸੀਆ

ਨਵੰਬਰ 1986

ਮੁੱਲ--ਦੋ ਰੁਪਏ

78

## ਸਾਥੀ ਦਰਸ਼ਨ ਸਿੰਘ ਕੈਨਡੀਅਨ ਦੀ ਯਾਦ ਵਿਚ

ਪਿਛਲੇ ਸੌ ਸਾਲ ਦਾ ਇਤਿਹਾਸ ਦਸਦਾ ਹੈ ਕਿ ਹਰ ਸੰਕਟ ਦੇ ਦੌਰ ਵਿਚ ਇਹ ਕਮਿਊਨਿਸਟ ਦੇ ਹਿੱਸੇ ਹੀ ਆਇਆ ਹੈ ਕਿ ਉਹ ਆਪਣੀਆਂ ਜਾਨਾਂ ਵਾਰਦੇ ਹੋਏ ਇਨਸਾਨੀਅਤ ਦੇ ਝੰਡੇ ਨੂੰ ਉਚਾ ਚੁੱਕੀ ਰਖਣ। ਨਾਜ਼ੀਆਂ ਦੀਆਂ ਜੇਲ੍ਹਾਂ ਵਿਚ ਮੌਤ ਨੂੰ ਕਬੂਲਦੇ ਹੋਏ ਜੂਲੀਅਸ ਫੀਚਕ ਵਰਗੇ ਕਮਿਊਨਿਸਟਾਂ ਨੇ ਉਹ ਅਮਰ ਸ਼ਬਦ ਲਿਖੇ ਜੋ ਜ਼ਿੰਦਗੀ ਨੂੰ ਇਕ ਨਵੇਂ ਅਰਥ ਦੇ ਗਏ। ਪੰਜਾਬ ਦੇ ਇਸ ਸੰਕਟ ਦੇ ਦੌਰ ਵਿਚ ਵੀ ਆਪਸੀ ਕੁਝ ਵਖਰੇਵੇਂ ਹੁੰਦਿਆਂ ਹੋਇਆਂ ਵੀ ਇਹ ਕਮਿਊਨਿਸਟਾਂ ਦੇ ਹਿੱਸੇ ਹੀ ਆਇਆ ਹੈ ਕਿ ਉਹ ਤੱਰਕ ਅਤੇ ਦਲੀਲ ਦੀ ਆਵਾਜ਼ ਨੂੰ ਕਾਇਮ ਰਖਣ ਤੇ ਉਹਦੇ ਲਈ ਸੰਘਰਸ ਕਰਨ। ਸਾਥੀ ਕੈਨੇਡੀਅਨ ਦੀ ਪਾਰਟੀ ਦਾ ਇਹ ਵਿਸ਼ਵਾਸ ਹੈ ਕਿ ਪੰਜਾਬ ਦਾ ਸੰਕਟ ਇਕ ਵਿਸ਼ਵ ਸਾਜ਼ਿਸ ਦੀ ਦੇਣ ਹੈ ਜਿਸ ਦਾ ਨਿਸ਼ਾਨਾ ਦੇਸ਼ ਦੇ ਟੋਟੇ ਟੋਟੇ ਕਰਨਾ ਹੈ। ਉਹ ਆਪਣੇ ਲੋਕਾਂ ਨੂੰ ਇਸ ਬਾਰੇ ਖਬਰਦਾਰ ਕਰ ਰਿਹਾ ਸੀ। ਉਹ ਸਿੱਖ ਨੌਜਵਾਨਾਂ ਨਾਲ ਫਲਸਫੇ ਦੇ ਤੌਰ ਤੇ ਵੀ ਵਾਦਵਿਵਾਦ ਕਰਦਾ ਸੀ। ਉਹ ਕਹਿੰਦਾ ਸੀ ਕਿ ਉਹਨਾਂ ਦਾ ਸਿੱਖੀ ਦੇ ਨਾਂ ਤੇ ਅਪਣਾਇਆ ਰਸਤਾ ਸਿਖ-ਗੁਰੂ-ਸਾਹਿਬਾਨ ਦੇ ਮੂਲ ਸਿਧਾਂਤਾਂ ਦੇ ਵਿਰੁੱਧ ਹੈ। ਉਹਦੀ ਆਵਾਜ਼ ਬੰਦ ਕਰ ਦਿਤੀ ਗਈ। ਕਿਉਂਕਿ ਇਹ ਆਵਾਜ਼ ਧਾਰਮਕ ਜਨੂੰਨ ਦੀ ਬਰਦਾਸ਼ਤ ਤੋਂ ਬਾਹਰ ਸੀ।

ਇਹ ਨੌਜਵਾਨ ਜਦੋਂ ਆਪਣੇ ਕਿਸੇ ਸ਼ਹੀਦ ਦੀ ਯਾਦ ਮਨਾਉਂਦੇ ਹਨ ਤਾਂ ਇਹਨਾਂ ਦਾ ਹਰ ਬੁਲਾਰਾ ਇਹ ਬੋਲ ਦੁਹਰਾਂਦਾਂ ਹੈ "ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ, ਜਿਉਂ ਜਿਉਂ ਮੰਨੂੰ ਵੱਢਦਾ, ਅਸੀ ਦੂਣੇ ਚੌਣੇ ਹੋਏ"

ਇਹੀ ਗੱਲ ਉਹ ਕਮਿਊਨਿਸਟਾਂ ਲਈ ਕਿਉਂ ਭੁਲ ਜਾਂਦੇ ਹਨ ਕਿ ਇਹ ਸੂਰਮੇ ਮੁਕਾਇਆਂ ਨਹੀਂ ਮੁੱਕ ਸਕਦੇ, ਸਾਥੀ ਕੈਨੇਡੀਅਨ ਨੂੰ ਸ਼ਬਧਾਂਜਲੀ ਦੇਣ ਲਈ ਆਇਆ, 5 ਅਕਤੂਬਰ ਲਾਲ ਝੰਡਿਆਂ ਦਾ ਹੜ੍ਹ ਇਸ ਗਲ ਦਾਂ ਸਾਖੀ ਹੈ। ਦਹਿਸ਼ਤ ਕਮਿਊਨਿਸਟਾਂ ਨੂੰ ਉਹਨਾਂ ਦੇ ਰਾਹ ਤੋਂ ਨਹੀਂ ਮੋੜ ਸਕਦੀ।

ਸਾਡੀ ਵਿਛੜ ਗਏ ਸਾਥੀ ਨੂੰ ਲਾਲ ਸਲਾਮ! oo

## ਬਲਦੇਵ ਮਾਨ ਦੀ ਯਾਦ ਵਿਚ

ਬਲਦੇਵ ਮਾਨ, ਸਾਡਾ ਸਾਥੀ ਸਾਡੇ ਦਰਮਿਆਨ ਨਹੀਂ ਰਿਹਾ ਉਹ ਉਸ ਕਾਲੀ ਸਿਆਸਤ ਦਾ ਸ਼ਿਕਾਰ ਹੋਇਆ ਹੈ, ਜਿਸਨੇ ਪੰਜਾਬ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਇਸ **ਕਾਲੀ ਸਿਆਸਤ** ਨੂੰ ਜਨਮ ਦੇਣ ਵਾਲੀਆਂ ਇਕ ਪਾਸੇ ਧਾਰਮਕ ਜਨੂੰਨ ਅਤੇ ਧਾਰਮਕ ਮੂਲਵਾਦ ਤੋਂ ਪੈਦਾ ਹੋਈਆਂ ਉਹ ਫਾਸ਼ੀ ਧਾਰਨਾਵਾਂ ਹਨ ਜਿਹੜੀਆਂ ਕਹਿੰਦੀਆਂ ਹਨ ਜੋ ਤੁਹਾਡੇ ਨਾਲ ਸਹਿਮਤ ਨਹੀਂ, ਉਹਨੂੰ ਜੀਣ ਦਾ ਕੋਈ ਹੱਕ ਨਹੀਂ ਤੇ ਦੂਜੇ ਪਾਸੇ ਭ੍ਰਿਸ਼ਟ ਤੇ ਜਾਬਰ ਸਟੇਟ ਦੀਆਂ ਉਹ ਧਾਰਨਾਵਾਂ ਹਨ ਜੋ ਹਰ ਵਿਰੋਧੀ ਆਵਾਜ਼ ਨੂੰ ਸੰਗੀਨ ਦੇ ਜ਼ੋਰ ਨਾਲ ਬੰਦ ਕਰਨਾ ਚਾਹੁੰਦੀਆਂ ਹਨ।

o ਇਸ ਕਾਲੀ ਸਿਆਸਤ ਵਿਰੁੱਧ ਲੜਣ ਵਾਲੀ ਸਾਡੀ ਲਹਿਰ ਦਾ ਇਕ ਬਹਾਦੁਰ ਸਿਪਾਹੀ ਸਾਡੇ ਦਰ-ਮਿਆਨ ਨਹੀਂ ਰਿਹਾ, ਇਹ ਸਾਡੀ ਸਮੁੱਚੀ ਲਹਿਰ ਦਾ ਦਾ ਨੁਕਸਾਨ ਹੈ।

o ਧੜਿਆਂ ਤੋਂ ਨਿਰਲੇਪ—ਇਕ ਪਿੰਡ ਦਾ ਸਰਪੰਚ, ਜਿਸਦੇ ਹੁੰਦਿਆਂ ਪਿੰਡ ਵਿਚ ਕਦੀ ਪੁਲਸ ਦਾਖਲ ਨਹੀਂ ਹੋ ਸਕਦੀ ਸੀ, ਪਿੰਡ ਦੇ ਕਿਸੇ ਬੰਦੇ ਨੂੰ ਥਾਨੇ ਨਹੀਂ ਜਾਣਾ ਪੈਂਦਾ ਸੀ, ਕਚੈਹਰੀ ਨਹੀਂ ਚੜ੍ਹਣਾ ਪੈਂਦਾ ਸੀ, ਪਿੰਡ ਵਾਸੀਆਂ ਦੇ ਦਰਮਿਆਨ ਨਹੀਂ ਰਿਹਾ, ਇਹ ਸਮੁੱਚੇ ਪਿੰਡ ਦਾ ਨੁਕਸਾਨ ਹੈ।

o ਇਲਾਕੇ ਵਿਚ ਹਰ ਜਬਰ ਦੇ ਵਿਰੁੱਧ ਲੜਣ ਵਾਲਾ ਇਕ ਨਿਧੱੜਕ ਜੋਧਾ, ਇਲਾਕੇ ਦੇ ਦਰਮਿਆਨ ਨਹੀਂ ਰਿਹਾ, ਇਹ ਸਮੁੱਚੇ ਇਲਾਕੇ ਦਾ ਨੁਕਸਾਨ ਹੈ।

o ਇਕ ਨਵਜਨਮੀ ਬੱਚੀ ਨੂੰ ਚਿੱਠੀ ਲਿਖਣ ਵਾਲਾ ਉਹ ਬਾਪ ਨਹੀਂ ਰਿਹਾ, ਜਿਸਨੇ ਔਰਤ ਦੇ ਹੱਕਾਂ ਦੀ ਗੱਲ ਹਰ ਸਮੇਂ ਉਹਦੇ ਕੰਨਾਂ ਵਿਚ ਪਾਉਣੀ ਸੀ, ਇਹ ਉਹਨਾਂ ਸਾਰੀਆਂ ਬੱਚੀਆਂ ਦਾ ਨੁਕਸਾਨ ਹੈ, ਜਿਨ੍ਹਾਂ ਨੇ ਵੱਡੀਆਂ ਹੋ ਕੇ ਔਰਤਾਂ ਦੀ ਮੁਕਤੀਆਂ ਦੇ ਮਹਾਨ ਸੰਘਰਸ਼ ਦਾ ਹਿੱਸਾ ਬਣਨਾ ਹੈ।

o ਪਿਛਾਖੜ ਰਹੁਰੀਤੀਆਂ ਦੇ ਵਿਰੁੱਧ ਨਵੀਂ ਰੌਸ਼ਨੀ

ਦਾ ਮਸ਼ਾਲਚੀ ਸਾਡੇ ਦਰਮਿਆਨ ਨਹੀਂ ਰਿਹਾ, ਇਹ ਸਮੁੱਚੀ ਰੌਸ਼ਨੀ ਦਾ ਨੁਕਸਾਨ ਹੈ।

o ਜ਼ਿੰਦਗੀ ਨੂੰ ਸੋਹਣਾ ਬਨਾਉਣ ਦੇ ਸੰਘਰਸ਼ ਵਿਚ ਜੁਟਿਆ ਇਕ ਸਿਪਾਹੀ ਸਾਡੇ ਦਰਮਿਆਨ ਨਹੀਂ ਰਿਹਾ, ਇਹ ਸਮੁੱਚੀ ਜ਼ਿੰਦਗੀ ਦਾ ਨੁਕਸਾਨ ਹੈ।

**ਅਸੀਂ ਵਿਛੜ ਜਾਣ ਵਾਲੇ ਸਾਥੀ ਦੀ ਯਾਦ ਵਿਚ ਗ਼ਮਗੀਨ ਹਾਂ, ਬਹੁਤ ਉਦਾਸ ਹਾਂ, ਸਾਡੀਆਂ ਅੱਖਾਂ ਵਿਚ ਅੱਥਰੂ ਵੀ ਹਨ ਪਰ ਅਸੀਂ ਇਸ ਗ਼ਮ ਉਤੇ ਕਾਬੂ ਪਾਵਾਂਗੇ, ਅਸੀਂ ਇਸ ਨੁਕਸਾਨ ਨੂੰ ਜਰਾਂਗੇ ਕਿਉਂਕਿ ਅਸੀਂ ਪਿੰਡ ਨੂੰ, ਇਲਾਕੇ ਨੂੰ, ਲਹਿਰ ਨੂੰ, ਰੋਸ਼ਨੀ ਨੂੰ ਤੇ ਸਮੁੱਚੀ ਜ਼ਿੰਦਗੀ ਨੂੰ ਅਗੇ ਲੈਕੇ ਜਾਣਾ ਹੈ। ਇਹੀ ਸਾਡੀ ਆਪਣੇ ਉਸ ਸ਼ਹੀਦ ਸਾਥੀ ਨੂੰ ਸ਼ਰਧਾਂਜਲੀ ਹੈ। ਇਹ ਸਾਡਾ ਉਹਨੂੰ ਅੰਤਮ ਲਾਲ ਸਲਾਮ ਹੈ।**

ਗੁਰਸ਼ਰਨ ਸਿੰਘ

## ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਸਤਵੇਂ ਯਾਦਗਾਰੀ ਸਭਿਆਚਾਰਕ ਸਮਾਗਮ ਦੀ ਰੀਪੋਰਟ

1 ਅਕਤੂਬਰ 1986 ਦੀ ਰਾਤ ਨੂੰ ਦਸੂਹਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ 'ਪੰਜਾਬ ਸਟੂਡੈਂਟਸ ਯੂਨੀਅਨ ਦੇ ਮਹਾਨ ਜਰਨੈਲ, ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਯਾਦ ਵਿਚ,. ਸਤਵਾਂ ਯਾਦਗਾਰੀ ਸਭਿਆਚਾਰਕ ਸਮਾਗਮ ਕਰਵਾਇਆ ਗਿਆ। ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਯਾਦਗਾਰ ਕਮੇਟੀ, ਦਸੂਹਾ ਵਲੋਂ ਪ੍ਰੋਗਰਾਮ ਦਾ ਸਮੁੱਚਾ ਪ੍ਰਬੰਧ ਬੜੇ ਵਧੀਆ ਢੰਗ ਨਾਲ ਕੀਤਾ ਹੋਇਆ ਸੀ। ਮਹਾਂਵੀਰ ਮੰਦਰ ਗਰਾਉਂਡ ਵਿਚ ਸ਼ਹੀਦ ਰੰਧਾਵਾ ਦੀ ਵੱਡੀ ਤਸਵੀਰ ਅਤੇ "ਕਿਰਤੀ ਲੋਕਾਂ ਦਾ ਏਕਾ–ਜ਼ਿੰਦਾਬਾਦ!" "ਹਕੂਮਤੀ ਜਬਰ ਤੇ ਫਿਰਕੂ ਦਹਿਸ਼ਤ–ਮੁਰਦਾਬਾਦ!" "ਨਾ ਹਿੰਦੂ ਰਾਜ ਨਾ ਖਾਲਿਸਤਾਨ ਰਾਜ ਕਰੂ ਮਜ਼ਦੂਰ ਕਿਸਾਨ" ਦੇ ਵੱਡੇ ਵੱਡੇ ਮੋਟੋਆਂ ਨਾਲ ਸੱਜੀ ਹੋਈ ਸਟੇਜ ਸਮੇਤ ਸਾਰਾ ਪੰਡਾਲ ਰੌਸ਼ਨੀ ਨਾਲ ਭਰਿਆ ਹੋਇਆ ਸੀ। ਬਾਹਰੋਂ ਆਉਣ ਵਾਲੇ ਸਾਥੀਆਂ ਲਈ ਰੋਟੀ ਪਾਣੀ ਦਾ ਇੰਤਜ਼ਾਮ, ਸਮਾਗਮ ਵਾਲੀ ਥਾਂ ਦੇ ਬਿਲਕੁਲ ਨਾਲ ਸ਼ਹੀਦ ਰੰਧਾਵਾ ਦੇ ਆਪਣੇ ਪਰਿਵਾਰਕ ਘਰ ਵਿਚ ਹੀ ਸੀ। ਜਿਥੇ ਜਿਸ ਪਿਆਰ ਤੇ ਉਤਸ਼ਾਹ ਨਾਲ ਸ਼ਹੀਦ ਸਾਥੀ ਦੇ ਪੂਰੇ ਪਰਿਵਾਰ ਅਤੇ ਮੁਹੱਲੇ ਵਾਲਿਆਂ ਵਲੋਂ ਪਹੁੰਚੇ ਸਾਥੀਆਂ ਦੀ ਸੇਵਾ ਕੀਤੀ ਗਈ–ਉਸ ਤੋਂ ਹਰ ਇਕ ਪ੍ਰਭਾਵਤ ਹੋਇਆ–ਪਰ ਇਹ ਪਹਿਲੀ ਵਾਰ ਨਹੀਂ ਸੀ, ਸਗੋਂ ਹਰ ਸਾਲ ਹੀ ਸ਼ਹੀਦ ਰੰਧਾਵਾ ਦੇ ਨਿਕਟਵਰਤੀਆਂ ਵਲੋਂ ਪ੍ਰੋਗਰਾਮ ਸਮੇਂ ਇਸ ਤਰਾਂ ਸਹਿਯੋਗ ਦਿਤਾ ਜਾਂਦਾ ਹੈ।

ਸਮਾਗਮ ਵਿਚ ਬੋਲਦਿਆਂ, ਮੁੱਖ ਬੁਲਾਰੇ ਗੁਰਸ਼ਰਨ ਸਿੰਘ ਜੀ ਨੇ ਪੰਜਾਬ ਦੀ ਇਨਕਲਾਬੀ ਲਹਿਰ ਦੇ ਅਮੁੱਲ ਰਤਨਾਂ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਅਤੇ ਸ਼ਹੀਦ ਕਾ. ਬਲਦੇਵ ਮਾਨ ਨੂੰ ਰੋਹ–ਭਰੀ ਸ਼ਰਧਾਂਜਲੀ ਪੇਸ਼ ਕਰਦੇ ਹੋਏ ਕਿਹਾ ਕਿ ਇਹਨਾਂ ਚੋਣਵੇਂ ਨੌਜਵਾਨ ਇਨਕਲਾਬੀ ਆਗੂਆਂ, ਜਿਨ੍ਹਾਂ ਨੇ ਸਾਡੀ ਪੀੜ੍ਹੀ ਦੇ ਹੱਥੋਂ ਇਨਕਲਾਬ ਦੀ ਮਸ਼ਾਲ ਨੂੰ ਸਾਂਭਣਾ ਸੀ–ਦੇ ਸ਼ਹੀਦ ਹੋਣ ਨਾਲ ਲਹਿਰ ਨੂੰ ਅਥਾਹ ਘਾਟਾ ਪਿਆ ਹੈ ਤੇ ਉਹ ਮਸ਼ਾਲ ਅਜੇ ਵੀ ਸਾਡੇ ਵਰਗੇ ਬਜ਼ੁਰਗਾਂ ਨੂੰ ਹੀ ਚੁਕਣੀ ਪੈ ਰਹੀ ਹੈ। ਉਹਨਾਂ ਕਿਹਾ ਕਿ ਅਜਿਹੀਆਂ ਹਾਲਤਾਂ ਵਿਚ ਇਹਨਾਂ ਸ਼ਹੀਦ ਹੋਏ ਨੌਜਵਾਨ ਇਨਕਲਾਬੀਆਂ ਦੇ ਸੂਹੇ ਝੰਡੇ ਨੂੰ ਹੋਰ ਮਜ਼ਬੂਤੀ ਨਾਲ ਬੁਲੰਦ ਕਰਨ ਲਈ, ਨੌਜਵਾਨਾਂ ਨੂੰ ਪੂਰੀ ਦਲੇਰੀ ਨਾਲ ਅੱਗੇ ਆਉਣਾ ਚਾਹੀਦਾ ਹੈ।

ਸਮਾਗਮ ਵਲੋਂ ਪਾਸ ਕੀਤੇ ਮਤੇ ਵਿਚ ਫਿਰਕੂ ਦਹਿਸ਼ਤਪਸੰਦਾਂ ਵਲੋਂ ਕਾ. ਬਲਦੇਵ ਮਾਨ ਤੇ ਕਾ. ਦਰਸ਼ਨ ਸਿੰਘ ਕਨੇਡੀਅਨ ਨੂੰ ਕਤਲ ਕਰਨ ਦੀ ਸਖਤ ਨਿਖੇਧੀ ਕਰਦੇ ਹੋਏ ਕਿਹਾ ਕਿ ਅਜਿਹੇ ਅਜ਼ਮਾਏ ਹੋਏ ਖਾੜਕੂ ਲੋਕ ਆਗੂਆਂ ਨੂੰ ਕਤਲ ਕਰਕੇ ਖਾਲਿਸਤਾਨੀ ਦਹਿਸ਼ਤਪਸੰਦ ਸਿੱਧੇ ਜਾਂ ਅਸਿੱਧੇ ਢੰਗ ਨਾਲ ਹੁਕਮਰਾਨ ਪਾਰਟੀ ਤੇ ਲੁਟੇਰੀ ਜਮਾਤ ਦੀ ਹੀ ਸੇਵਾ ਕਰ ਰਹੇ ਹਨ। ਸ਼ਹੀਦ ਕਾਮਰੇਡਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਅਜਿਹੇ ਕਤਲਾਂ ਦੀ ਰੋਕਥਾਮ ਲਈ, ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ, ਸਰਕਾਰ ਤੋਂ ਲਾਇਸੰਸ ਸਿਸਟਮ ਖਤਮ ਕਰਕੇ, ਹਰ ਇਕ ਨੂੰ ਆਤਮ ਰਖਿਆ ਲਈ ਹਥਿਆਰ ਰਖਣ ਦਾ ਹੱਕ ਦੇਣ ਦੀ ਮੰਗ ਕਰਨ।

ਸਮਾਗਮ ਵਿਚ ਅਮ੍ਰਿਤਸਰ ਸਕੂਲ ਆਫ ਡਰਾਮਾ, ਸ਼ਿਵਾਲਕ ਕਲਾ ਮੰਚ ਤਲਵਾੜਾ, ਤੇ ਪੰਜਾਬ ਨਾਟਕ ਮੰਚ ਦਸੂਹਾਂ,' ਦੀਆਂ ਟੀਮਾਂ ਨੇ ਭਾਗ ਲਿਆ ਤੇ ਪੰਜ ਨਾਟਕ ,'ਕਰਫਿਊ', 'ਸਧਾਰਨ ਲੋਕ', 'ਪੰਘੂੜਾ', 'ਸਿਉਂਕ', ਤੇ 'ਚੰਡੀਗੜ੍ਹ ਪੁਆੜੇ ਦੀ ਜੜ੍ਹ' ਖੇਡੇ। ਇਨ੍ਹਾਂ ਵਿਚੋਂ ਸਥਾਨਕ ਮੰਡਲੀ ਵਲੋਂ ਖੇਡਿਆ ਨਾਟਕ 'ਸਿਉਂਕ' ਕਾਫ਼ੀ ਕਮਜ਼ੋਰ ਰਿਹਾ–ਪਰ ਬਾਕੀ ਨਾਟਕਾਂ ਦੀ ਪੇਸ਼ਕਾਰੀ ਸ਼ਾਨਦਾਰ ਸੀ। ਖਾਸ ਕਰਕੇ 'ਕਰਫਿਊ', 'ਸਧਾਰਨ ਲੋਕ', ਤੇ 'ਚੰਡੀਗੜ੍ਹ ਪੁਆੜੇ ਦੀ ਜੜ੍ਹ' ਤਾਂ ਲੋਕਾਂ ਨੇ ਬੇਹੱਦ ਪਸੰਦ ਕੀਤੇ। ਇਸ ਤੋਂ ਇਲਾਵਾ ਅੰਮ੍ਰਿਤਸਰ ਕੇਂਦਰ ਦੇ ਐਕਸ਼ਨ ਗੀਤਾਂ, ਸ਼ਿਵਾਲਕ ਮੰਚ ਦੇ ਸਮੂਹ ਗੀਤਾਂ ਤੇ ਬੱਚਿਆਂ ਦੇ ਗਾਏ ਗੀਤਾਂ ਨੇ ਵੀ ਨਿਵੇਕਲਾ ਹੀ ਰੰਗ ਬੰਨ੍ਹਿਆ।

ਸਾਢੇ ਅੱਠ ਵਜੇ ਤੋਂ ਸ਼ੁਰੂ ਹੋਇਆ ਇਹ ਸਮਾਗਮ ਰਾਤ ਦੇ ਪੌਣੇ ਇਕ ਵਜੇ, "ਦਾ ਇੰਟਰਨੈਸ਼ਨਲ" ਗਾਉਣ ਪਿਛੋਂ, ਇਨਕਲਾਬੀ ਨਾਹਰਿਆਂ ਦੀ ਗੂੰਜਾਰ ਨਾਲ ਸਮਾਪਤ ਹੋਇਆ। ਫਿਰਕੂ ਦਹਿਸ਼ਤ ਦੀਆਂ ਤਾਜ਼ਾ ਵਾਰਦਾਤਾਂ ਦੇ ਬਾਵਜੂਦ, ਹਜ਼ਾਰਾਂ ਦਰਸ਼ਕਾਂ ਨੇ ਸਮਾਗਮ ਨੂੰ ਅੰਤ ਤੀਕ ਪੂਰੀ ਦਿਲਚਸਪੀ ਤੇ ਉਤਸ਼ਾਹ ਨਾਲ ਵੇਖਿਆ। ਸਥਾਨਕ ਦਰਸ਼ਕਾਂ ਤੋਂ ਬਿਨਾਂ ਡੈਮੋਕਰੈਟਿਕ ਪੀਪਲਜ਼ ਫਰੰਟ, ਤਲਵਾੜਾ ਦੇ ਮੈਂਬਰ ਤੇ ਹੋਰ ਸਾਥੀ ਦੂਰ-ਦੁਰਾਡੇ ਪਿੰਡਾਂ ਤੋਂ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਤੇ ਪ੍ਰਬੰਧ ਵਿਚ ਵੀ ਸਰਗਰਮ ਹਿੱਸਾ ਪਾਇਆ, ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸਾਥੀ ਰਾਮ ਸਿੰਘ ਬਲੱਗਣ ਨੇ ਨਿਭਾਈ।

ਅਗਲੇ ਦਿਨੀਂ ਸ਼ਹਿਰ ਵਿਚ ਬੱਚਿਆਂ ਦੀ ਜ਼ੁਬਾਨ ਤੇ ਨਾਟਕਾਂ ਦੇ ਇਨਕਲਾਬੀ ਡਾਇਲਾਗ ਤੇ ਬੋਲੀਆਂ ਸਨ। ਨੌਜਵਾਨਾਂ ਵਿਚ "ਐ ਲਾਲ ਫਰੇਰੇ ਤੇਰੀ ਕਸਮ—ਇਸ ਖੂਨ ਕਾ ਬਦਲਾ ਹਮ ਲੇਂਗੇ" ਦੀ ਚਰਚਾ ਸੀ ਤੇ ਬਜ਼ੁਰਗ ਹਕੂਮਤ ਦੇ ਹਥ-ਕੰਡਿਆਂ, ਸਿਆਸਤਦਾਨਾਂ ਦੇ ਕਿਰਦਾਰ, ਫਿਰਕੂਆਂ ਦੀਆਂ ਚਾਲਾਂ ਨੂੰ ਸ਼ਰੇਆਮ ਨੰਗਾ ਕਰਕੇ, ਸੱਚਾਈ ਸਾਹਮਣੇ ਲਿਆਉਣ ਲਈ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੇ ਨਾਟਕਾਂ ਦੀ ਤਾਰੀਫ਼ ਕਰ ਰਹੇ ਸਨ। ਇਹ ਸਭ ਲੋਕਾਂ ਵਲੋਂ ਇਸ ਇਨਕਲਾਬੀ ਸਮਾਗਮ ਤੋਂ ਕਬੂਲੇ ਵੱਡੇ ਪ੍ਰਭਾਵ ਦਾ ਸੂਚਕ ਹੈ।

ਹਰਜਿੰਦਰ ਸਿੰਘ ਭੰਡਾਲ (ਦਸੂਹਾ)

## ਏਕਤਾ ਦਾ ਮਸਲਾ--ਨਾਗੀ ਰੈਡੀ ਗਰੁੱਪ ਦਾ ਮੱਤ

ਹਿੰਦ ਕਮਿਊਨਿਸਟ ਇਨਕਲਾਬੀ ਏਕਤਾ ਕੇਂਦਰ (ਮ.ਲ.) ਨਾਗੀ ਰੈਡੀ ਗਰੁੱਪ ਵਲੋਂ ਸਾਡੀ ਖੁੱਲੀ ਚਿੱਠੀ ਰਾਹੀਂ ਪੇਸ਼ ਕੀਤੀ ਇਨਕਲਾਬੀ ਲਹਿਰ ਦੀ ਏਕਤਾ ਦੀ ਤਜਵੀਜ਼ ਬਾਰੇ ਉਹਨਾਂ ਦਾ ਆਪਣੀ ਜਥੇਬੰਦੀ ਦਾ ਮੱਤ ਇਕ ਦਸਤਾਵੇਜ਼ ਦੀ ਸ਼ਕਲ ਵਿਚ ਸਾਨੂੰ ਮਿਲਿਆ ਹੈ, ਉਹ ਇਸਨੂੰ ਪੈਂਫਲਿਟ ਦੇ ਰੂਪ ਵਿਚ ਵੀ ਛਾਪ ਕੇ ਲੋਕਾਂ ਦੇ ਸਾਹਮਣੇ ਪੇਸ਼ ਕਰ ਰਹੇ ਹਨ। ਇਹ ਦਸਤਾਵੇਜ਼ ਸਾਨੂੰ ਖਰੜੇ ਦੀ ਸ਼ਕਲ ਵਿਚ 'ਅਗਾਊਂ' ਭੇਜ ਦਿੱਤਾ ਗਿਆ ਹੈ ਤਾਂ ਜੋ ਅਸੀਂ ਇਸ 'ਸਮਤਾ' ਵਿਚ ਇਸ ਬਾਰੇ ਆਪਣੇ ਵਿਚਾਰ ਵੀ ਦੇ ਸਕੀਏ।

ਇਹ ਦਸਤਾਵੇਜ਼ ਜਿਸਦਾ ਸ਼ਿਰਲੇਖ ਹੈ "ਸਾਥੀ ਗੁਰਸ਼ਰਨ ਦੀ ਤਜਵੀਜ਼ ਬਾਰੇ ਕੁਝ ਸੁਆਲ" ਤਿੰਨ ਭਾਗਾਂ ਵਿਚ ਹੈ। ਪਹਿਲਾ ਭਾਗ ਭੂਮਿਕਾ ਦਾ ਹੈ, ਦੂਜਾ ਭਾਗ ਲੋਕ ਪੱਖੀ ਸਿਆਸੀ ਧਿਰਾਂ ਦੀ ਇਕ ਵਿਸ਼ਾਲ ਸਾਂਝਾ ਧੜ੍ਹ ਉਸਾਰੋ—ਤੇ ਤੀਜਾ ਭਾਗ ਹੈ—ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਦਾ ਮਸਲਾ। ਸਾਨੂੰ ਖੁਸ਼ੀ ਹੈ ਕਿ ਏਕਤਾ ਦਾ ਮਸਲਾ ਨਾਗੀ ਰੈਡੀ ਗਰੁੱਪ ਵਲੋਂ ਇਕ ਗੰਭੀਰ ਸ਼ਕਲ ਵਿਚ ਲਿਆ ਗਿਆ ਹੈ। ਸੰਭਵਤਾ ਹੈ ਕਿ ਇਸ ਅੰਕ ਦੇ ਛਪਣ ਤੋਂ ਪਹਿਲਾਂ ਇਹ ਦਸਤਾਵੇਜ਼ ਪੈਂਫਲਿਟ ਦੀ ਸ਼ਕਲ ਵਿਚ ਲੋਕਾਂ ਤੱਕ ਪੁੱਜ ਜਾਏਗਾ। ਮੈਂ ਇਨ-ਕਲਾਬੀ ਕੈਡਰ ਨੂੰ ਇਹ ਖਰੜਾ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ ਤਾਂ ਜੋ ਨਾਗੀ ਰੈਡੀ ਗਰੁੱਪ ਦੀ ਏਕਤਾ ਵੱਲ ਪਹੁੰਚ ਬਾਰੇ ਸਾਰੇ ਕੈਡਰ ਨੂੰ ਪੂਰੀ ਜਾਣਕਾਰੀ ਹੋਵੇ। ਇਸ ਦਸਤਾਵੇਜ਼ ਵਿਚ ਕੁਝ ਨਿਚੋੜ ਕੱਢਦੇ ਹੋਏ ਮੇਰੇ ਕੋਲੋਂ ਕੁਝ ਸਪਸ਼ਟੀਕਰਨ ਪੁਛੇ ਗਏ ਹਨ :

**ਨਿਚੋੜ** (ਵਿਆਖਿਆ ਪੂਰੀ ਤਰ੍ਹਾਂ ਦਸਤਾਵੇਜ਼ ਵਿਚ ਮੌਜੂਦ ਹੈ)

(1) ਪੰਜਾਬ ਦੇ ਸਾਰੇ ਨਕਸਲਬਾੜੀ ਅਤੇ ਸਾਬਕਾ ਨਕਸਲਬਾੜੀ (ਜਿਨ੍ਹਾਂ ਦਾ ਨਕਸਲਬਾੜੀ ਦੀ ਸਿਆਸਤ ਨਾਲ ਹੁਣ ਕੋਈ ਲਾਗਾ-ਦੇਗਾ ਨਹੀਂ ਰਿਹਾ) ਗਰੁੱਪਾਂ ਨੂੰ ਅੱਜ ਇਕ ਕਮਿਊਨਿਸਟ ਇਨਕਲਾਬੀ ਕੇਂਦਰ ਵਿਚ ਇੱਕ-ਮੁੱਠ ਕਰਨ ਦੇ ਤੋਂ ਵਰਕਾ ਹੀ ਪਾੜ ਦੇਣਾ ਚਾਹੀਦਾ ਹੈ।

(2) ਇਕ ਦੂਜੇ ਨੂੰ ਕਮਿਊਨਿਸਟ ਇਨਕਲਾਬੀ ਸਮਝਣ ਵਾਲੇ ਸਾਰੇ ਗਰੁੱਪਾਂ ਨੂੰ ਵੀ ਅਜੇ ਕਿਸੇ ਇਕ ਕਮਿਊਨਿਸਟ ਇਨਕਲਾਬੀ ਕੇਂਦਰ ਵਿਚ ਇਕਮੁੱਠ ਨਹੀਂ ਕੀਤਾ ਜਾ ਸਕਦਾ। ਇਹਨਾਂ ਵਿਚਲੇ ਮਤਭੇਦਾਂ ਦੀ ਗੰਭੀਰਤਾ ਕਾਰਨ ਅਜੇਹਾ ਕੇਂਦਰ ਬਣਨ ਦਾ ਅਜੇ ਆਧਾਰ ਮੌਜੂਦ ਨਹੀਂ। ਅਜੇਹਾ ਆਧਾਰ ਤਿਆਰ ਕਰਨ ਲਈ ਕਮਿਊਨਿਸਟ ਇਨਕਲਾਬੀ ਗਰੁੱਪਾਂ ਵਿਚ ਮੌਜੂਦ ਏਕਤਾ ਨੂੰ ਸਾਕਾਰ ਕਰਨ ਲਈ, ਇਸਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਅਤੇ ਸਹਿਮਤੀ ਦੇ ਘੇਰੇ ਵਿਚ ਆਉਂਦੀ ਸਿਆਸਤ ਤੇ ਵਿਚਾਰਧਾਰਾ ਦੇ ਪਰਚਾਰ ਅਤੇ ਰੱਖਿਆ ਲਈ ਸਾਂਝੇ ਉਦਮ ਜੁਟਾਉਣ ਦਾ ਹਰ ਸੰਭਵ ਜਤਨ ਕਰਨਾ ਚਾਹੀਦਾ ਹੈ।

(3) ਇਕ ਦੂਜੇ ਨੂੰ ਇਨਕਲਾਬੀ (ਕਮਿਊਨਿਸਟ ਇਨਕਲਾਬੀ ਜਾਂ ਜਮਹੂਰੀ ਇਨਕਲਾਬੀ) ਸਮਝਣ ਵਾਲੀਆਂ ਧਿਰਾਂ ਦੀ ਏਕਤਾ ਲਈ ਇਕ ਇਨਕਲਾਬੀ ਕੇਂਦਰ ਬਨਾਉਣ ਵਾਸਤੇ ਸਾਰੀਆਂ ਇਨਕਲਾਬੀ ਧਿਰਾਂ ਨੂੰ ਉਦਮ ਜੁਟਾਉਣਾ ਚਾਹੀਦਾ ਹੈ। ਅੱਜ ਅਜੇਹਾ ਕੇਂਦਰ ਹੀ ਇਨਕਲਾਬੀ ਲਹਿਰ ਦੇ ਸਭ ਤੋਂ ਵੱਡੇ ਹਿੱਸੇ ਨੂੰ ਏਕਤਾ-ਲੜੀ 'ਚ ਪਰੋ ਸਕਦਾ ਹੈ।

(4) ਇਹ ਕੇਂਦਰ ਨਵ-ਜਮਹੂਰੀ ਇਨਕਲਾਬੀ ਸਿਆਸਤ ਦੇ ਅਧਾਰ ਉਤੇ ਬਣਨਾ ਚਾਹੀਦਾ ਹੈ ਅਤੇ ਇਸ ਵਿਚ ਕਿਸੇ ਅਜੇਹੀ ਧਿਰ ਨੂੰ ਸ਼ਾਮਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਜੇਹੜੀ (ਪੈਗਾਮਵਾਦੀਆਂ ਵਾਂਗ) ਹਾਕਮ ਜਮਾਤਾਂ ਦੇ ਕਿਸੇ ਹਿੱਸੇ ਨਾਲ ਬਗਲਗੀਰ ਹੋਈ ਬੈਠੀ ਹੋਵੇ ਜਾਂ ਸੁਧਾਰਵਾਦੀ ਸਿਆਸਤ ਵਿਚ ਨਿੱਘਰ ਚੁੱਕੀ ਹੋਵੇ।

(5) ਅਜੇਹੇ ਇਨਕਲਾਬੀ ਕੇਂਦਰ ਦੀ ਉਸਾਰੀ ਲਈ ਇਨਕਲਾਬੀ ਧਿਰਾਂ ਦੀ ਹਕੀਕੀ ਸਿਆਸੀ ਏਕਤਾ ਦੇ ਮੌਜੂਦਾ ਪੱਧਰ ਤੋਂ ਤੁਰਨਾ ਚਾਹੀਦਾ ਹੈ। ਇਸ ਕੇਂਦਰ ਦੇ ਸਿਆਸੀ ਉਦੇਸ਼ਾਂ ਵਿਚ ਸ਼ਾਮਲ ਹੋਣ ਵਾਲੀਆਂ ਧਿਰਾਂ ਦੇ ਸਿਆਸੀ ਰੱਟੇ ਵਾਲੀ ਕੋਈ ਮੱਦ ਸ਼ਾਮਲ ਨਹੀਂ ਕੀਤੀ ਜਾਣੀ ਚਾਹੀਦੀ। ਸ਼ਾਮਲ ਧਿਰਾਂ ਵਿਚਲੇ ਸਿਆਸੀ ਰੱਟੇ ਸੁਲਝਦੇ ਜਾਣ ਅਤੇ ਇਕੱਠੇ ਕੰਮ ਕਰਨ ਦੇ ਰਾਹ ਵਿਚ ਆਉਣ ਵਾਲੀਆਂ ਅੜਿਚਣਾਂ ਦੇ ਦੂਰ ਹੁੰਦੇ ਜਾਣ ਦੇ ਨਾਲ ਨਾਲ ਹੀ ਕੇਂਦਰ ਦੇ ਸਿਆਸੀ ਉਦੇਸ਼ਾਂ ਵਿਚ ਵਾਧਾ ਕਰਨਾ ਚਾਹੀਦਾ ਹੈ ਅਤੇ ਅਜੇਹੇ ਇਕ ਅਮਲ ਤੋਂ ਮਗਰੋਂ ਹੀ ਇਕ ਪੂਰੇ ਇਨਕਲਾਬੀ ਕੇਂਦਰ ਵਿਚ ਬਦਲਣਾ ਚਾਹੀਦਾ ਹੈ।

(6) ਬਣਨ ਵਾਲੇ ਕੇਂਦਰ ਨੂੰ ਫੁੱਟ ਤੋਂ ਬਚਾਉਣ ਲਈ ਅਜਿਹੇ ਨਵੇਂ ਨੀਤੀ-ਨਿਰਨੇ ਜਾਂ ਪੈਂਤੜੇ ਅਖ-ਤਿਆਰ ਕਰਨ ਵੇਲੇ ਜਿਹਨਾਂ ਦਾ ਸੰਬੰਧ ਵੱਖ ਵੱਖ ਧਿਰਾਂ ਦਰਮਿਆਨ ਚਲਦੇ ਸਿਆਸੀ ਰੱਟਿਆਂ ਨਾਲ ਜੁੜਦਾ ਹੋਵੇ, ਆਗੂ ਅਦਾਰੇ ਅੰਦਰ ਹਾਸਲ ਬਹੁਸੰਮਤੀ ਦੇ ਨਿਰੇ ਜ਼ੋਰ ਨਾਲ ਨਹੀਂ ਮੜ੍ਹੇ ਜਾਣੇ ਚਾਹੀਦੇ। ਅਜਿਹੇ ਫੈਸਲਿਆਂ ਲਈ, ਸਾਰੀਆਂ ਧਿਰਾ ਨਾਲ ਬਹਿਸ-ਵਿਚਾਰ ਚਲਾਕੇ ਸਮੂਹਕ ਰਜ਼ਾ ਹਾਸਲ ਕੀਤੀ ਜਾਣੀ ਚਾਹੀਦੀ ਹੈ।

(7) ਇਸ ਕੇਂਦਰ ਦੀ ਉਸਾਰੀ ਤੋਂ ਇਲਾਵਾ, ਇਨ: ਜਮਹੂਰੀ ਇਨਕਲਾਬੀ ਧਿਰਾਂ ਨੂੰ ਹਰ ਜਨਤਕ ਫਰੰਟ ਉਤੇ ਆਪਣੀ ਅਗਵਾਈ ਹੇਠਲੀਆਂ ਜਨਤਕ ਜਥੇਬੰਦੀਆਂ ਦੀ ਏਕਤਾ ਕਰਨ ਦੇ ਸਿਰਤੋੜ ਯਤਨ ਕਰਨੇ ਚਾਹੀਦੇ ਹਨ।

ਮੇਰੇ ਕੋਲੋਂ ਸਪਸ਼ਟੀਕਰਣ ਪੁਛਿਆ ਗਿਆ ਹੈ ਕਿ ਮੇਰਾ ਸੰਕਲਪ ਕਿਸ ਕਿਸਮ ਦਾ ਏਕਤਾ ਕੇਂਦਰ ਬਣਾ-ਉਣ ਦਾ ਹੈ?

ਮੈਂ ਆਪਣੇ ਸੰਕਲਪ ਬਾਰੇ ਪੂਰੇ ਵਿਸਥਾਰ ਨਾਲ ਪਿਛਲੇ ਤਿੰਨ ਸਮਤਾ ਦੇ ਅੰਕਾਂ ਵਿਚ ਲਿਖ ਚੁੱਕਿਆ ਹਾਂ। ਇਸ ਨੂੰ ਮੈਂ ਫੇਰ ਹੇਠ ਲਿਖੇ ਸ਼ਬਦਾਂ ਵਿਚ ਦੁਹਰਾਂਦਾ ਹਾਂ।

-ਇਸ ਕੇਂਦਰ ਦਾ ਮੁੱਖ ਨਿਸ਼ਾਨਾ ਹੋਵੇਗਾ ਕਿ ਆਪਣੇ ਲੋਕਾਂ ਨੂੰ ਐਸਾ ਨਿਜ਼ਾਮ ਬਨਾਉਣ ਲਈ ਰਾਜਸੀ ਚੇਤਨਾ ਦਿਤੀ ਜਾਵੇ, ਜਿਸ ਵਿਚ ਸਮਾਜਕ ਸਮਾਨਤਾ ਹੋਵੇ ਤੇ ਕੋਈ ਕਿਸੇ ਦੀ ਮੇਹਨਤ ਨੂੰ ਨਾ ਲੁੱਟ ਸਕੇ। ਇਸ ਨਿਜ਼ਾਮ ਨੂੰ ਸਥਾਪਤ ਕਰਨ ਲਈ ਪ੍ਰਚਾਰ ਅਤੇ ਤਾਲੀਮ ਰਾਹੀਂ ਕੈਡਰ ਪੈਦਾ ਕਰਨਾ, ਏਕਤਾ ਦੇ ਸਿਧਾਂਤ ਨੂੰ ਆਧਾਰ ਬਣਾਕੇ ਬਹਿਸ ਤੇ ਵਿਚਾਰ ਵਟਾਂਦਰਾ ਕਰਕੇ ਇਨਕਲਾਬੀ ਕੈਡਰ ਨੂੰ ਇਕ ਵਿਸ਼ਾਲ ਥੜ੍ਹੇ ਤੇ ਲਿਆਉਣਾ ਤੇ ਇਸ ਨਿਜ਼ਾਮ ਦੀ ਲੁੱਟ-ਖਸੁੱਟ ਵਿਰੁੱਧ ਸੰਘਰਸ਼ ਲਈ ਲੋਕਾਂ ਨੂੰ ਲਾਮਬੰਦ ਕਰਨਾ ਇਸ ਕੇਂਦਰ ਦਾ ਲਕਸ਼ ਹੋਵੇਗਾ।

ਮੈਂ ਜਾਣ ਬੁਝਕੇ ਇਹ ਸੰਕਲਪ ਦਸਣ ਵੇਲੇ ਕਮਿਊਨਿਸਟ ਬਹਿਸ ਵਿਚ ਵਰਤੀ ਜਾਂਦੀ ਸ਼ਬਦਾਵਲੀ ਦੀ ਵਰਤੋਂ ਨਹੀਂ ਕੀਤੀ ਤਾਂ ਜੋ ਇਸ ਏਕਤਾ ਕੇਂਦਰ ਉਸਾਰਨ ਦੇ ਕਾਰਜ ਨੂੰ ਵੱਧ ਤੋਂ ਵੱਧ ਵਿਸ਼ਾਲਤਾ ਮਿਲੇ। ਇਸ ਕੇਂਦਰ ਦੀ ਰੂਪਰੇਖਾ ਅਤੇ ਇਹਦੇ ਲਈ ਐਲਾਨ-ਨਾਮਾ ਉਥੇ ਚੁਣੀ ਹੋਈ ਕਮੇਟੀ ਹੀ ਆਪਣੇ ਜ਼ਿੰਮੇ ਲਵੇਗੀ। ਉਸ ਕਮੇਟੀ ਵਿਚ ਮੈਂ ਹੋ ਵੀ ਸਕਦਾ ਹਾਂ ਤਾਂ ਨਹੀਂ ਵੀ ਹੋ ਸਕਦਾ। ਮੈਂ ਵਿਅਕਤੀਗਤ ਤੌਰ ਤੇ ਇਸ ਦੀ ਜ਼ਿੰਮੇਵਾਰੀ ਨਹੀਂ ਲੈ ਸਕਦਾ ਤੇ ਨਾ ਹੀ ਹੋਰ ਕੋਈ ਸਪਸ਼ਟੀਕਰਣ ਦੇ ਸਕਦਾ ਹਾਂ।

ਮੈਂ ਜ਼ਾਤੀ ਤੌਰ ਤੇ ਨਾਗੀ ਰੈਡੀ ਗਰੁੱਪ ਵਲੋਂ ਇਸ ਦਸਤਾਵੇਜ਼ ਵਿਚ ਦਿਤੀ ਧਾਰਨਾ '**ਖਰੀ ਜਮਹੂਰੀ-ਅਤ ਅਤੇ ਕੌਮੀ ਆਜ਼ਾਦੀ ਲਈ ਜੂਝਦੀਆਂ ਲੋਕ-ਪੱਖੀ ਸਿਆਸੀ ਧਿਰਾਂ ਦਾ ਵਿਸ਼ਾਲ ਥੜ੍ਹਾ ਉਸਾਰੋ' ਨੂੰ ਜੀ ਆਇਆਂ ਆਖਦਾ ਹਾਂ।**

ਗੁਰਸ਼ਰਨ ਸਿੰਘ

## ਇਨਕਲਾਬੀ ਏਕਤਾ ਕੇਂਦਰ

(ਕੁਝ ਚਿੱਠੀਆਂ ਤੇ ਸਪਸ਼ਟੀਕਰਨ)

9 ਨਵੰਬਰ ਦੇਸ਼ ਭਗਤ ਹਾਲ ਜਲੰਧਰ ਵਿਚ ਹੋ ਰਹੇ ਸਮਾਗਮ ਵਿਚ ਇਕੋ ਹੀ ਏਜੰਡਾ ਹੈ ਕਿ ਇਨਕਲਾਬੀ ਏਕਤਾ ਵਿਚ ਕੇਂਦਰ ਦੀ ਸਥਾਪਨਾ ਕੀਤੀ ਜਾਵੇ।

ਇਸ ਸਮਾਗਮ ਵਿਚ ਉਹਨਾਂ ਨੂੰ ਹੀ ਹਿੱਸਾ ਲੈਣਾ ਚਾਹੀਦਾ ਹੈ ਜੋ ਸਮਝਦੇ ਹਨ ਜਾਂ ਇਸ ਗਲ ਦੇ ਹਾਮੀ ਹਨ ਕਿ ਇਹੋ ਜਿਹਾ ਇਕ ਏਕਤਾ ਕੇਂਦਰ ਬਣਨਾ ਇਕ ਹਾਂ ਪੱਖੀ ਕਦਮ ਹੈ।

ਮੌਜੂਦਾ ਹਾਲਾਤ ਵਿਚ ਇਹਦੀ ਕੀ ਰੂਪ ਰੇਖਾ ਜਾਂ ਪ੍ਰੋਗਰਾਮ ਹੋਣਾ ਚਾਹੀਦਾ ਹੈ, ਇਹ ਦੇ ਬਾਰੇ ਸੁਝਾਅ ਹੋਣੇ ਚਾਹੀਦੇ ਹਨ।

ਮੈਂ ਵਿਯਕਤੀਗਤ ਤੌਰ ਤੇ ਇਸ ਕੇਂਦਰ ਬਨਾਉਣ ਬਾਰੇ ਜਾਂ ਇਹ ਦੀ ਰੂਪ ਰੇਖਾ ਨਿਰਧਾਰਤ ਕਰਨ ਲਈ

ਕਿਸੇ ਗਰੁੱਪਾਂ ਦੇ ਆਗੂ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਮੈਂ ਇਸ ਦੇ ਬਾਰੇ ਆਪਣੇ ਆਪ ਨੂੰ ਯੋਗ ਨਹੀਂ ਸਮਝਦਾ ਸੀ। ਮੈਂ ਸਿਰਫ ਇਕੱਠੇ ਹੋਣ ਲਈ ਸੱਦਾ ਦਿੱਤਾ ਹੈ। ਹਾਜ਼ਰ ਲੋਕਾਂ ਵਿਚੋਂ ਜੋ ਉਹ ਇਕ ਕਮੇਟੀ ਬਣੇਗੀ, ਉਹੀ ਇਕ ਸੋਚ ਬਣਾਕੇ ਸਾਂਝੇ ਤੌਰ ਤੇ ਜਾਂ ਵੱਖ ਵੱਖ ਗਰੁੱਪਾਂ ਦੇ ਨੁਮਾਇੰਦਿਆਂ ਨਾਲ ਗੱਲ ਬਾਤ ਕਰਨ ਦੇ ਯੋਗ ਹੋਵੇਗੀ, ਕਿਉਂਕਿ ਉਹ ਲੋਕਾਂ ਵਿਚ ਚੁਣੀ ਹੋਈ ਕਮੇਟੀ ਹੋਵੇਗੀ। ਮੈਂ ਇਕੱਲਾ ਇਹ ਗਲ ਬਾਤ ਆਪਣੇ ਜ਼ਿਮੇਂ ਨਹੀਂ ਲੈ ਸਕਦਾ ਸੀ। **9 ਨਵੰਬਰ ਏਕਤਾ ਦੇ ਅਮਲ ਨੂੰ ਸ਼ੁਰੂ ਕੀਤਾ ਜਾਏਗਾ, ਇਹ ਕੋਈ ਦਾਅਵਾ ਨਹੀਂ ਕਿ ਇਹ ਅਮਲ ਉਸੇ ਦਿਨ ਮੁਕੰਮਲ ਹੋ ਜਾਏਗਾ।**

ਅੱਜ ਦੀ ਸਟੇਟ ਦਾ ਕੀ ਖਾਸਾ ਹੈ ? ਇਸ ਬਾਰੇ ਕੇਂਦਰ ਦੇ ਥੜ੍ਹੇ ਤੇ ਹੀ ਇਕ ਗੰਭੀਰ ਬਹਿਸ ਹੋ ਸਕਦੀ ਹੈ। ਇਕ ਸਾਂਝੀ ਸੋਚ ਬਨਾਉਣ ਦਾ ਯਤਨ ਕੀਤਾ ਜਾਏਗਾ ਜਿਸ ਦੇ ਨਾਲ ਵੱਧ ਤੋਂ ਵੱਧ ਸਹਿਮਤੀ ਹੋਵੇ। ਮੈਂ ਮੁਹਾਲੀ ਤੋਂ ਲਿਖੀ ਗੁਰਮੁੱਖ ਸਿੰਘ ਦੀ ਚਿੱਠੀ ਵਿਚ ਦਰਜ ਵਿਚਾਰਾਂ ਨਾਲ ਸਹਿਮਤ ਹਾਂ ਕਿ ਏਕਤਾ ਦਾ ਆਧਾਰ ਤਾਂ ਹੀ ਮਜ਼ਬੂਤ ਹੋਵੇਗਾ ਜੇਕਰ ਸਿਧਾਂਤਕ ਰੱਟਿਆਂ ਨੂੰ ਖਤਮ ਕੀਤਾ ਜਾਵੇ ਪਰ ਇਹ ਰੱਟੇ ਦੂਰ ਬੈਠੇ ਤਾਂ ਨਹੀਂ ਦੂਰ ਹੋ ਸਕਦੇ। ਕਿਸੇ ਫੋਰਮ ਵਿਚ ਬੈਠਕੇ ਕੀਤੇ ਜਾ ਸਕਦੇ ਹਨ ਤੇ ਇਹ ਫੋਰਮ ਇਨਕਲਾਬੀ ਕੇਂਦਰ ਮੁਹਈਯਾ ਕਰੇਗਾ।

ਬਹੁਤ ਸਾਰੀਆਂ ਚਿੱਠੀਆਂ ਵਿਚ ਗਰੁੱਪ ਆਗੂਆਂ ਦੀ ਸੁਹਿਰਦਤਾ ਤੋਂ ਕਿੰਤੂ ਕੀਤਾ ਗਿਆ ਹੈ। ਮੈਂ ਜ਼ਾਤੀ ਤੌਰ ਤੇ ਇਸਦੇ ਨਾਲ ਸਹਿਮਤ ਨਹੀਂ। ਜੋ ਕੁਝ ਪਿਛੇ ਹੋਇਆ ਹੈ, ਇਨਕਲਾਬੀ ਕੇਂਦਰ ਉਹਦੀ ਜ਼ਿਮੇਂਵਾਰੀ ਤੋਂ ਬਚੀ ਨਹੀਂ। ਹੁਣ ਜਦੋਂ ਨਵੇਂ ਸਿਰੇ ਤੋਂ ਗੱਲ ਸ਼ੁਰੂ ਕਰਨ ਲਗੇ ਹਾਂ, ਤਾਂ ਮੈਂ ਚਾਹਵਾਂਗਾ ਕਿ ਇਹ ਇਕ ਦੂਜੇ ਉਤੇ ਵਿਸ਼ਵਾਸ਼ ਦੀ ਭਾਵਨਾ ਨਾਲ ਸ਼ੁਰੂ ਕੀਤੀ ਜਾਏ।

ਫੁੱਟ ਨੂੰ ਸਿਧਾਂਤ ਦਾ ਨਾਂ ਦੇਣ ਵਾਲਿਆਂ ਦੀ ਦਲੀਲ ਨਾਲ ਮੈਂ ਬਿਲਕੁਲ ਹੀ ਸਹਿਮਤ ਨਹੀਂ ਪਰ ਮੈਂ ਇਹ ਥਿਉਰੀ ਦੇਣ ਵਾਲਿਆਂ ਦੀ ਇਮਾਨਦਾਰੀ ਜਾਂ ਸੁਹਿਰਦਤਾ ਉਤੇ ਆਪਣੀ ਕਿਸੇ ਵੀ ਲਿਖਤ ਵਿਚ ਕਿੰਤੂ ਨਹੀਂ ਕੀਤਾ। ਫੁੱਟ ਦੇ ਸਿਧਾਂਤ ਵਿਰੁਧ ਏਕਤਾ ਦੇ ਸਿਧਾਂਤ ਦਾ ਹਾਮੀ ਮੈਂ ਸਿਰਫ ਜਜ਼ਬਾਤੀ ਤੌਰ ਤੇ ਨਹੀਂ, ਸਗੋਂ ਇਤਿਹਾਸਕ ਦਲੀਲਾਂ ਰਾਹੀਂ ਸਿਧ ਕਰਦਾ ਹਾਂ ਕਿ ਕਮਿਊਨਿਸਟਾਂ ਨੇ ਹਮੇਸ਼ਾਂ ਉਸ ਵੇਲੇ ਹੀ ਜਿੱਤਾਂ ਪ੍ਰਾਪਤਾਂ ਕੀਤੀਆਂ ਹਨ ਜਦੋਂ ਉਹਨਾਂ ਨੇ ਵਖਰੇਵਿਆਂ ਬਾਰੇ ਦਲੀਲਬਾਜ਼ੀ (Polemics) ਵਿਚ ਏਕਤਾ ਨੂੰ ਸਿਧਾਂਤ ਅਪਣਾਇਆ ਹੈ। ਦਲੀਲ ਨਾਲ ਏਕਤਾ ਕਾਇਮ ਕੀਤੀ ਹੈ ਨਾਂਕਿ ਫੁੱਟ ਨੂੰ ਜਨਮ ਦਿਤਾ ਹੈ। ਸਾਡੀ ਲਹਿਰ ਕੋਈ ਠੋਸ ਪ੍ਰਾਪਤੀ ਨਹੀਂ ਕਰ ਸਕੀ ਕਿਉਂਕਿ ਅਸੀਂ ਦਲੀਲਬਾਜ਼ੀ ਵਿਚ **ਏਕਤਾ ਦੀ ਪਹਿਰੇਦਾਰੀ** ਨਹੀਂ ਕੀਤੀ ਜੋ ਕਿ ਸਹੀ ਸ਼ਬਦਾਂ ਵਿਚ ਹਰ ਦਲੀਲਬਾਜ਼ੀ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਇਨਕਲਾਬੀ ਏਕਤਾ ਕੇਂਦਰ ਵਲੋਂ ਇਨਕਲਾਬੀ ਸਿਆਸਤ ਵਿਚ ਫੁੱਟ ਦੇ ਸਿਧਾਂਤ ਵਿਰੁੱਧ ਲਗਾਤਾਰ ਸੰਘਰਸ਼ ਹੋਣਾ ਚਾਹੀਦਾ ਹੈ ਇਨਕਲਾਬੀ ਏਕਤਾ ਕੇਂਦਰ ਦਾ ਇਹ ਇਕ ਵੱਡਾ ਨਿਸ਼ਾਨਾ ਹੋਣਾ ਚਾਹੀਦਾ ਹੈ।

ਪੰਜਾਬ ਦਾ ਮਸਲਾ ਡੂੰਘੀ ਸੋਚ ਵਿਚਾਰ ਦੀ ਮੰਗ ਕਰਦਾ ਹੈ। ਪੰਜਾਬ ਦੇ ਲੋਕਾਂ ਲਈ ਇਸ ਮਸਲੇ ਦੀ ਮਹੱਤਤਾ ਸਮਝਦੇ ਹੋਏ ਇਸ ਬਾਰੇ ਗੰਭੀਰ ਵਿਚਾਰ ਵਟਾਂਦਰਾ ਇਨਕਲਾਬੀ ਏਕਤਾ ਕੇਂਦਰ ਦੇ ਫੋਰਮ ਤੇ ਹੋਵੇਗਾ ਪਰ ਪੰਜਾਬ ਦੇ ਮਸਲੇ ਬਾਰੇ ਪਹਿਲਾਂ ਹੀ ਕੋਈ ਸਾਂਝੀ ਸੋਚ ਬਨਾਉਣੀ ਇਨਕਲਾਬੀ ਏਕਤਾ ਕੇਂਦਰ ਦੀ ਸਥਾਪਤੀ ਲਈ ਮੁੱਢਲੀ ਸ਼ਰਤ ਨਹੀਂ ਹੋ ਸਕਦੀ। ਪੰਜਾਬ ਦੇ ਮਸਲੇ ਬਾਰੇ ਮੈਂ ਜ਼ਾਤੀ ਤੌਰ ਤੇ ਪੈਗਾਮ ਗਰੁੱਪ ਦੀ ਪਹੁੰਚ ਬਾਰੇ ਬੁਨਿਆਦੀ ਵਖਰੇਵਾਂ ਅਤੇ I P F ਜਾਂ ਸਰਾਫ ਗਰੁੱਪ ਨਾਲ ਇਸ ਮਸਲੇ ਬਾਰੇ ਉਹਨਾਂ ਦੀ ਅਮਲੀ ਪਹੁੰਚ ਬਾਰੇ ਵਖਰੇਵਾਂ ਰਖਦਾ ਹਾਂ ਪਰ ਮੈਂ ਫੇਰ ਵੀ ਚਾਹਵਾਂਗਾ ਕਿ ਉਹ ਇਨਕਲਾਬੀ ਏਕਤਾ ਕੇਂਦਰ ਵਿਚ ਆਉਣ ਕਿਉਂਕਿ ਹਿੰਦੋਸਤਾਨ ਦੇ ਸਮਾਜ ਵਿਚ ਬੁਨਿਆਦੀ ਇਨਕਲਾਬੀ ਤਬਦੀਲੀਆਂ ਲਿਆਉਣ ਬਾਰੇ ਉਹਨਾਂ ਦੀ ਸੁਹਿਰਦਤਾ ਉਤੇ ਮੈਂ ਕਿੰਤੂ ਨਹੀਂ ਕਰਦਾ। ਏਕਤਾ ਦੀ ਸਿਆਸਤ ਦਾ ਇਹ ਪਹਿਲਾ ਅਸੂਲ ਹੈ ਕਿ ਸਿਧਾਂਤਕ ਬਹਿਸ ਵਿਚ ਇਕ ਦੂਜੇ ਦੀ ਸੁਹਿਰਦਤਾ ਉਤੇ ਕਿੰਤੂ ਨਾਂ ਕੀਤਾ ਜਾਏ।

ਮੈਂ ਪਹਿਲੇ ਹੀ ਸਪਸ਼ਟ ਕਰ ਚੁੱਕਾ ਹਾਂ ਕਿ ਇਨਕਲਾਬੀ ਏਕਤਾ ਕੇਂਦਰ ਦਾ ਏਲਾਨਨਾਮਾ ਮੈਂ ਨਹੀਂ ਮੁਹਈਯਾ ਕਰਨਾ। ਮੇਰੀ ਆਪਣੀ ਇਕ ਵਿਯਕਤੀ–ਗਤ ਰਾਏ ਹੈ, ਉਹ ਮੈਂ ਜ਼ਰੂਰ ਦਸਨਾ ਹਾਂ। ਇਹ ਇਕ ਸਾਂਝੀ ਸੋਚ ਬਨਾਉਣ ਵਿਚ ਸਹਾਈ ਹੋ ਸਕਦੀ ਹੈ ਪਰ ਜਦੋਂ ਏਕਤਾ ਕੇਂਦਰ ਵਿਚ ਇਕ ਸਾਂਝੀ ਸੋਚ ਪਰਵਾਨ ਹੋ ਗਈ ਤਾਂ ਮੈਂ ਵੀ ਤੇ ਹੋਰ ਵੀ ਇਸ ਦੇ ਪਾਬੰਦ ਹੋਵਾਂਗੇ। ਸਾਂਝੀ ਸੋਚ ਅਗੇ ਵਿਯਕਤੀਗਤ ਸੋਚ ਨੂੰ ਝੁਕਣਾ ਪਵੇਗਾ। ਸਾਂਝੇ ਤੌਰ ਤੇ ਪਰਵਾਨਤ ਸੋਚ ਹੀ ਕੇਂਦਰ ਦੀ ਸੋਚ ਹੋਵੇਗੀ। ਕੇਂਦਰ ਦੇ ਫੋਰਮ ਤੋਂ ਸਾਂਝੀ ਸੋਚ ਦਾ ਹੀ ਪਰਗਟਾਵਾ ਹੋਵੇਗਾ।

ਸਾਥੀ ਪਾਲ ਸਿੰਘ ਹੋਰਾਂ ਦੀ ਪੰਜਾਬ ਮਸਲੇ ਬਾਰੇ

ਇਕ ਵਿਸਥਾਰ ਪੂਰਬ ਚਿੱਠੀ ਇਸ ਅੰਕ ਵਿਚ ਛਾਪੀ ਜਾ ਰਹੀ ਹੈ। ਸਾਡੀਆਂ ਕੁਝ ਧਾਰਨਾਵਾਂ ਨਾਲ ਉਹਨਾਂ ਦਾ ਵੱਡਾ ਮਤਭੇਦ ਹੈ। ਸਮਤਾ ਦੇ 75 ਨੰਬਰ ਅੰਕ ਵਿਚ ਜਦੋਂ ਮੈਂ ਇਨਕਲਾਬੀ ਵੀਰਾਂ ਨੂੰ ਮੁੱਢਲੀ ਚਿੱਠੀ ਲਿਖੀ ਸੀ ਤਾਂ ਉਸ ਵਿਚ ਸਲਾਬਤਪੁਰ ਦੇ ਇਕ ਪਿੰਡ ਦੀ ਮਿਸਾਲ ਦਿੱਤੀ ਸੀ ਤਾਂ ਮੇਰੀ ਦਲੀਲ ਸੀ ਕਿ ਕਮਿਊਨਿਸਟ ਇਨਕਲਾਬੀਆਂ ਦੀ ਸਾਖ ਇਝ ਡਿੱਗੀ ਹੈ ਕਿ ਉਹਨਾਂ ਨੇ ਆਪਣੇ ਆਧਾਰ ਦੀ ਸਿਆਸਤ ਵੱਲ ਧਿਆਨ ਨਹੀਂ ਦਿੱਤਾ। ਪਾਲ ਸਿੰਘ ਜੀ ਇਸਦੇ ਉਲਟ ਇਹ ਦਲੀਲ ਦੇਂਦੇ ਹਨ ਕਿ ਇਹ ਸਾਖ ਤਾਂ ਡਿੱਗੀ ਹੈ ਕਿ ਅਸੀਂ ਅਕਾਲੀ ਮੋਰਚਿਆਂ ਵਲੋਂ ਉਠਾਈਆਂ ਗਈਆਂ ਪੰਜਾਬ ਨਾਲ ਸਬੰਧਤ ਜਮਹੂਰੀ ਮੰਗਾਂ ਵੱਲ ਧਿਆਨ ਨਹੀਂ ਦਿੱਤਾ। ਸਾਥੀ ਪਾਲ ਸਿੰਘ ਜੀ ਇਸ ਚਿੱਠੀ ਵਿਚ ਵੀ ਅਤੇ ਆਪਣੀਆਂ ਪਹਿਲੀਆਂ ਲਿਖਤਾਂ ਵਿਚ ਸਿੱਖ ਸਿਆਸਤ ਵਿਚ ਧਾਰਮਕ ਮੂਲਵਾਦੀ ਸ਼ਕਤੀਆਂ ਦੇ ਗ਼ਲਬੇ ਕਾਰਨ ਉਪਜੇ ਖਤਰੇ ਬਾਰੇ ਬਿਲਕੁਲ ਚੁੱਪ ਹਨ ਜੋ ਇਤਿਹਾਸ ਨੂੰ ਪੂਰੇ ਜ਼ੋਰ ਨਾਲ ਪੁੱਠਾ ਗੇੜ ਦੇਣਾ ਚਾਹੁੰਦੇ ਹਨ। ਬਹੁਤ ਵਾਰੀ ਉਹਨਾਂ ਨੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਨੌਜਵਾਨਾਂ ਨੂੰ ਵੀ ਥਾਪਣਾ ਦਿੱਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸੈਂਟਰ ਸਿੱਖਾਂ ਨੂੰ ਬਦਨਾਮ ਕਰਨ ਦੀ ਇਕ ਸਾਜ਼ਿਸ਼ ਕਰ ਰਿਹਾ ਹੈ। ਮੇਰੀ ਇਸ ਧਾਰਨਾ ਨਾਲ ਪੂਰੀ ਸਹਿਮਤੀ ਹੈ। ਪਰ ਇਸ ਬਦਨਾਮੀ ਵਾਸਤੇ ਧਾਰਮਕ ਮੂਲਵਾਦੀ ਜਿਹੜੀ ਭੂਮਿਕਾ ਨਿਭਾ ਰਹੇ ਹਨ, ਉਹ ਵੀ ਅੱਖੋਂ ਪਰੋਖੀ ਨਹੀਂ ਕੀਤੀ ਜਾ ਸਕਦੀ। ਜਨਰਲ ਵੈਦਿਆ ਦੇ ਕਤਲ ਨਾਲ ਸਿੱਖਾਂ ਬਾਰੇ ਮਰਹੱਟਿਆਂ ਵਿਚ ਜਿਹੜੀ ਭੈੜੀ ਰਾਏ ਬਣੀ ਹੈ, ਉਹਦੀ ਸਾਰੀ ਜ਼ਿੰਮੇਵਾਰੀ ਕੇਂਦਰ ਦੀ ਹਕੂਮਤ ਉੱਤੇ ਨਹੀਂ ਸੁੱਟੀ ਜਾ ਸਕਦੀ। ਸਟੇਟ ਜਬਰ ਵਿਰੁੱਧ ਭਾਰਤ ਭਰ ਵਿਚ ਜਮਹੂਰੀ ਸੋਚ ਵਾਲੇ ਲੋਕ ਇਕ ਸੰਘਰਸ਼ ਕਰ ਰਹੇ ਹਨ। ਅਸੀਂ ਵੀ ਉਹਦਾ ਭਾਗ ਹਾਂ। ਅਸੀਂ ਇਸ ਲੜਾਈ ਨੂੰ ਕਦੋਂ ਢਿੱਲਿਆਂ ਕੀਤਾ ਹੈ ? ਪਰ ਇਸ ਲੜਾਈ ਦਾ ਇਹ ਵੀ ਮਤਲਬ ਨਹੀਂ ਕਿ ਅਸੀਂ ਧਾਰਮਿਕ ਮੂਲਵਾਦੀਆਂ ਦੀ ਪੁੱਠੇ ਗੇੜੇ ਵਾਲੀ ਸੋਚ ਨੂੰ ਅੱਖੋਂ ਉਹਲੇ ਕਰ ਦੇਈਏ। ਅਸੀਂ ਧਾਰਮਕ ਮੂਲਵਾਦੀਆਂ ਦੇ ਹਰ ਕਿਸਮ ਦੇ ਫਲਸਫੇ ਦੇ ਸਿਰੇ ਤੋਂ ਵਿਰੋਧੀ ਹਾਂ। ਇਹਨਾਂ ਦਾ ਪੰਜਾਬ ਦੀਆਂ ਜਮਹੂਰੀ ਮੰਗਾਂ ਨਾਲ ਕੋਈ ਵੀ ਸਬੰਧ ਨਹੀਂ। ਅਮਲ ਦੱਸਦਾ ਹੈ ਕਿ ਇਹਨਾਂ ਦਾ ਫਲਸਫਾ ਫਾਸ਼ੀ ਫਲਸਫਾ ਹੋ ਨਿਬੜਿਆ ਹੈ। ਹਰ ਉਸ ਆਵਾਜ਼ ਨੂੰ ਬੰਦ ਕਰ ਦੇਵੋ ਜਿਹੜੀ ਇਹਨਾਂ ਦੇ ਵਿਰੁੱਧ ਉਠਦੀ ਹੈ। ਇਸ ਤਰ੍ਹਾਂ ਕੇਂਦਰ ਦੀ ਸਟੇਟ ਵੀ ਕਾਲੇ ਕਾਨੂੰਨਾਂ ਦੇ ਰਾਹੀਂ ਇਕ ਫਾਸ਼ੀ ਸਟੇਟ ਦੇ ਤੌਰ ਤੇ ਉਭਰ ਰਹੀ ਹੈ। ਅਸੀਂ ਦੋਵੇਂ ਕਿਸਮ ਦੇ ਫਾਸ਼ੀਵਾਦ ਦੇ ਉਲਟ ਹਾਂ। ਅਸੀਂ ਪਿਛਲੇ ਕਈ ਸਾਲਾਂ ਤੋਂ ਇਸ ਸਟੈਂਡ ਤੇ ਡੱਟੇ ਹੋਏ ਹਾਂ। ਸਾਡਾ ਇਹ ਸਟੈਂਡ ਕੇਂਦਰ ਦੀ ਸਹਾਇਤਾ ਕਿਉਂ ਹੈ ? ਕੀ ਇਹ ਸਟੈਂਡ ਲੈ ਕੇ ਅਸੀਂ ਕੇਂਦਰ ਦੀ ਬੋਲੀ ਬੋਲ ਰਹੇ ਹਾਂ ? ਸਾਥੀ ਪਾਲ ਸਿੰਘ ਨੇ ਇਹ ਨਤੀਜਾ ਕਿਉਂ ਕੱਢਿਆ ਹੈ ? ਇਹ ਹੈਰਾਨੀ ਦੀ ਗੱਲ ਹੈ। ਹੁਣ ਸਾਥੋਂ ਇਹ ਤਾਂ ਉਮੀਦ ਨਾ ਕੀਤੀ ਜਾਏ ਕਿ ਅਸੀਂ ਬਾਬਾ ਜੁਗਿੰਦਰ ਸਿੰਘ ਜਾਂ ਭਾਈ ਮੋਹਕਮ ਸਿੰਘ ਹੋਰਾਂ ਦੇ ਮਗਰ ਲੱਗ ਜਾਈਏ।

o ਮੈਂ ਕਦੋਂ ਕਹਿੰਦਾ ਹਾਂ ਕਿ ਪੰਜਾਬ ਦੇ ਮਸਲੇ ਤੋਂ ਪਾਸਾ ਵੱਟੀਏ ਪਰ ਮੇਰੀ ਦਲੀਲ ਹੈ ਕਿ ਜੋ ਕੁਝ ਕਹੀਏ ਜਾਂ ਕਰੀਏ ਆਪਣੇ ਧੜੇ ਤੋਂ ਕਰੀਏ। ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਮਸਲੇ ਵਿਚ ਅਸੀਂ ਸਰਗਰਮ ਧਿਰ ਨਹੀਂ, ਇਸ ਲਈ ਸਾਨੂੰ ਉਡੀਕ ਕਰਨੀ ਚਾਹੀਦੀ ਹੈ, ਜੇ ਸਾਥੀ ਪਾਲ ਸਿੰਘ ਜਾਂ ਹੋਰ ਸਮਝਦੇ ਹਨ ਕਿ ਇਹ ਉਡੀਕ ਨਹੀਂ ਹੋ ਸਕਦੀ ਤਾਂ ਫੇਰ ਰਾਹ ਲੱਭਿਆ ਜਾਏ ਕਿ ਇਸ ਮੱਸਲੇ ਵਿਚ ਸਰਗਰਮ ਦਖਲ ਅੰਦਾਜ਼ੀ ਕਿਸ ਤਰ੍ਹਾਂ ਕੀਤੀ ਜਾਏ। ਪਰ ਜੋ ਕੁਝ ਵੀ ਹੋਵੇ ਅਪਣੇ ਧੜੇ ਤੋਂ ਕੀਤਾ ਜਾਏ। ਪੰਜਾਬ ਮਸਲੇ ਬਾਰੇ ਭਾਰਤ ਸਰਕਾਰ ਦਾ ਸਟੈਂਡ ਅਸੀਂ ਗ਼ਲਤ ਸਮਝਦੇ ਹਾਂ ਪਰ ਸਿੱਖ ਅੰਦੋਲਨਕਾਰੀਆਂ ਵੀ ਕਦੀ ਕੋਈ ਸਹੀ ਗੱਲ ਨਹੀਂ ਕੀਤੀ, ਇਸ ਲਈ ਇਹਨਾਂ ਸ਼ਕਤੀਆਂ ਵਿਚ ਅਪਣੇ ਆਪ ਨੂੰ ਉਲਝਾਣਾ ਸਾਡੇ ਲਈ ਆਤਮਘਾਤੀ ਹੋਵੇਗਾ। ਇਹ ਮੇਰੀ ਨਿੱਜੀ ਸੋਚ ਹੈ।

o ਸਲਾਬਤਪੁਰ ਦੀ ਮਿਸਾਲ ਨੂੰ ਇਹ ਨਾ ਸਮਝਿਆ ਜਾਏ ਕਿ ਅਸੀਂ ਪੰਜਾਬ ਵਿਚ ਸਿਫਰ ਹੋ ਗਏ ਹਾਂ ਜਿਸ ਤਰ੍ਹਾਂ ਸਾਥੀ ਪਾਲ ਸਿੰਘ ਹੋਰਾਂ ਨੇ ਨਤੀਜੇ ਕੱਢ ਲਏ ਹਨ। ਜਿਥੇ ਵੀ ਅਸੀਂ ਆਪਣੀ ਸਿਆਸਤ ਤੇ ਖਲੋਕੇ ਸਰਗਰਮ ਹੋਕੇ ਕੰਮ ਕੀਤਾ ਹੈ,ਅਸੀਂ ਨਤੀਜੇ ਕੱਢੇ ਹਨ। ਸਭਿਆਚਾਰਕ ਫਰੰਟ ਇਸ ਦੀ ਇਕ ਮਿਸਾਲ ਹੈ। ਸ਼ਹੀਦ ਸਾਥੀ ਬਲਦੇਵ ਸਿੰਘ ਮਾਨ ਦੇ ਸ਼ਰਧਾਂਜਲੀ ਸਮਾਗਮ ਤੇ ਹਜ਼ਾਰਾਂ ਦਾ ਇਕੱਠ ਸਿਰਫ ਰਵਾਜਨ ਇਕੱਠ ਨਹੀਂ ਹੋਇਆ ਸੀ। ਸਾਡੇ ਕੋਲ ਅਪਣੀ ਸਿਆਸਤ ਹੈ ਅਤੇ ਅਸੀਂ ਇਹ ਸਿਆਸਤ ਅਪਣੇ ਧੜੇ ਤੇ ਖਲੋਕੇ ਲੋਕਾਂ ਤਕ ਲਿਜਾਣੀ ਹੈ ਅਤੇ ਇਹਦੇ ਲਈ ਲਾਮਬੰਦੀ ਵੀ ਕਰਨੀ ਹੈ।

o ਪੰਜਾਬ ਦੇ ਮਸਲੇ ਬਾਰੇ ਸਾਨੂੰ ਸਭ ਨੂੰ ਇਕ ਦੂਜੇ ਦੀ ਰਾਏ ਦਾ ਪੂਰੀ ਤਰ੍ਹਾਂ ਪਤਾ ਹੈ। ਰਾਵਾਂ ਦਾ ਵਖਰੇਵਾਂ ਹੁੰਦਿਆਂ ਹੋਇਆਂ ਵੀ ਅਸੀਂ ਹੇਠ ਲਿਖੀਆਂ ਮੱਦਾਂ ਤੇ ਆਮ ਸਹਿਮਤੀ ਕਰ ਸਕਦੇ ਹਾਂ।

o ਹਰ ਕਿਸਮ ਦੇ ਬੇਦੋਸ਼ਿਆਂ ਦੇ ਕਤਲ ਨੂੰ ਬਿਨਾਂ ਕਿਸੇ ਸ਼ਰਤ ਦੇ ਪੂਰੀ ਤਰ੍ਹਾਂ ਨਿਖੇਧੀ ਕਰੀਏ ਭਾਵੇਂ ਇਹ

ਕਤਲ ਪੁਲਸ ਮੁਕਾਬਲੇ ਹਨ ਜਾਂ ਬਸਾਂ ਵਿਚੋਂ ਕੱਢਕੇ ਸਾਧਾਰਨ ਮੁਸਾਫਰਾਂ ਦਾ ਕਤਲ ਹੈ। ਸਿਆਸੀ ਕਤਲਾਂ ਦੀ ਜ਼ੋਰਦਾਰ ਨਿੰਦਾ ਹਣੀ ਚਾਹੀਦੀ ਹੈ।

o ਕੇਂਦਰ ਵਿਚ ਹਿੰਦੂਸ਼ਾਵਨਵਾਦ ਦੇ ਸਮਰਥਨ ਨਾਲ ਉਸਰ ਰਹੀ ਇਕ ਫਾਸ਼ੀ ਸਟੇਟ ਦਾ ਡੱਟਵਾਂ ਵਿਰੋਧ ਕੀਤਾ ਜਾਏ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਨੂੰ ਭਾਰਤ ਦੇ ਸਾਰੇ ਸੂਬਿਆਂ ਦੀ ਜਮਹੂਰੀ ਮੰਗ ਦੇ ਤੌਰ ਤੇ ਉਭਾਰਿਆ ਜਾਏ। ਇਸ ਸਚਾਈ ਨੂੰ ਅੱਖੋਂ ਉਹਲੇ ਨਾ ਕੀਤਾ ਜਾਏ ਕਿ ਅਨੰਦਪੁਰ ਸਾਹਿਬ ਦਾ ਰੈਜ਼ੂਲੇਸ਼ਨ ਡਰਾਫਟ ਕਰਨ ਵਾਲਿਆਂ ਦੀ ਮਾਨਸਕਤਾ ਜਮਹੂਰੀ ਹੋਣ ਨਾਲੋਂ ਧਾਰਮਕ ਬਹੁਤੀ ਸੀ। ਇਸ ਰੈਜ਼ੂਲੇਸ਼ਨ ਵਿਚ ਬਹੁਤ ਸਾਰੀਆਂ ਮੰਗਾਂ ਠੀਕ ਹਨ ਪਰ ਉਸਦੀ ਸਾਰੀ ਸ਼ਬਦਾਵਲੀ ਵਿਚ ਜਮਹੂਰੀ ਅਰਥਾਂ ਨਾਲੋਂ ਧਾਰਮਕ ਅਰਥ ਬਹੁਤੇ ਹਨ। ਇਸ ਲਈ ਸੂਬਿਆਂ ਦੀ ਖੁਦ ਮੁਖਤਿਆਰੀ ਲਈ ਇਕ ਨਵਾਂ ਰੈਜ਼ੂਲੇਸ਼ਨ ਡਰਾਫਟ ਕੀਤਾ ਜਾਏ।

o ਕੇਂਦਰ ਦੀਆਂ ਹਿੰਦੂ ਸ਼ਾਵਨਵਾਦੀ ਨੀਤੀਆਂ ਦੇ ਵਿਰੁੱਧ ਸੰਘਰਸ਼ ਕੀਤਾ ਜਾਏ। ਇਹਦੇ ਲਈ ਹੋਰ ਘੱਟ ਗਿਣਤੀਆਂ ਦੇ ਨਾਲ ਨਾਲ ਹਿੰਦੂ ਜਮਹੂਰੀ ਹਲਕਿਆਂ ਨੂੰ ਵੀ ਨਾਲ ਲਿਆ ਜਾਏ।

o ਹਿੰਦੂ ਸ਼ਾਵਨਵਾਦ ਦੇ ਵਿਰੁੱਧ ਮੁੱਖ ਰੂਪ ਵਿਚ ਲੜਾਈ ਲੜੀ ਜਾਏ ਪਰ ਇਸ ਗੱਲ ਦਾ ਖਿਆਲ ਰਖਿਆ ਜਾਏ ਕਿ ਘੱਟ ਗਿਣਤੀਆਂ ਦੇ ਧਾਰਮਕ ਅਤੇ ਸਭਿਆ-ਚਾਰਕ ਹੱਕਾਂ ਦੀ ਰਾਖੀ ਤਾਂ ਕਰੀਏ ਪਰ ਇਹ ਧਾਰਮਕ ਮੂਲਵਾਦ ਦੇ ਪਿਛਾਖੜ ਫਲਸਫੇ ਦੀ ਹਮਾਇਤ ਨਾ ਹੋ ਨਿਬੜੇ। ਇਹ ਵਖਰੇਵਾਂ ਰਖਣਾ ਬੜਾ ਜ਼ਰੂਰੀ ਹੈ।

o ਬੁਨਿਆਦੀ ਸਟੈਂਡ ਫਿਰਕਾਪ੍ਰਸਤੀ ਦੇ ਵਿਰੁੱਧ ਹੋਵੇ। ਪੰਜਾਬ ਵਿਚ ਸੁਰਖਿਆ ਨਾਲ ਜੀਣਾ ਹਿੰਦੂਆਂ ਦਾ ਜਮਹੂਰੀ ਹੱਕ ਹੈ, ਇਸੇ ਤਰ੍ਹਾਂ ਬਾਕੀ ਭਾਰਤ ਵਿਚ ਸਿਖਾਂ ਦਾ ਅਣਖ ਨਾਲ ਰਹਿਣਾ ਉਹਨਾਂ ਦਾ ਜਮਹੂਰੀ ਹੱਕ ਹੈ।

o ਕੁਝ ਚਿੱਠੀਆਂ ਵਿਚ ਇਹ ਸਵਾਲ ਕੀਤਾ ਗਿਆ ਹੈ ਕਿ ਸੱਦਾ ਦੇਣ ਵੇਲੇ ਸੀ. ਪੀ. ਆਈ ਅਤੇ ਸੀ. ਪੀ. ਐਮ ਨੂੰ ਕਿਉਂ ਨਹੀਂ ਸ਼ਾਮਲ ਕੀਤਾ ਗਿਆ। ਮੈਂ ਇਹ ਸੱਦਾ ਪਹਿਲੇ ਪੜਾਅ ਤੇ ਉਹਨਾਂ ਲੋਕਾਂ ਨੂੰ ਹੀ ਦਿਤਾ ਹੈ, ਜਿਨਾਂ ਦਰਮਿਆਨ ਸਿਆਸੀ ਤੌਰ ਤੇ ਮੈਂ ਪਿਛਲੇ 15-16 ਸਾਲਾਂ ਤੋਂ ਵਿਚਰ ਰਿਹਾ ਹਾਂ। ਉਹਨਾਂ ਵਿਚੋਂ ਹੀ ਇਕ ਹੋਣ ਦੀ ਹੈਸੀਅਤ ਵਿਚ ਦਿਤਾ ਹੈ ਤੇ ਇਸੇ ਲਈ ਉਹਨਾਂ ਉਤੇ ਕੁਝ ਦਾਅਵੇ ਵੀ ਰਖਦਾ ਹਾਂ। ਅਗੇ ਜਾ ਕੇ ਸਮਝ ਸੋਚ ਬਣਾ ਕੇ ਇਸ ਸੱਦੇ ਨੂੰ ਹੋਰ ਵਿਸ਼ਾਲ ਰੂਪ ਵੀ ਦਿਤਾ ਜਾ ਸਕਦਾ ਹੈ।

o ਕੁਝ ਚਿੱਠੀਆਂ ਹਨ ਕਿ ਸਾਨੂੰ ਕਮਿਊਨਿਸਟਾਂ ਨੂੰ ਆਪ ਵੀ ਸਮਾਜਕ ਕੁਰੀਤੀਆਂ ਤੋਂ ਬਚਣਾ ਚਾਹੀਦਾ ਹੈ ਅਤੇ ਸਮਾਜਕ ਕੁਰੀਤੀਆਂ ਵਿਰੁੱਧ ਸਰਗਰਮ ਸੰਘਰਸ਼ ਕਰਨਾ ਚਾਹੀਦਾ ਹੈ। ਮੈਂ ਇਸ ਨਾਲ ਸਹਿਮਤ ਹਾਂ। ਇਸੇ ਲਈ ਇਹੋ ਜਿਹੇ ਸੁਧਾਰਵਾਦੀ ਪ੍ਰੋਗਰਾਮਾਂ ਨੂੰ ਮੈਂ ਕੇਂਦਰ ਦੀਆਂ ਸਰਗਰਮੀਆਂ ਤੋਂ ਬਾਹਰ ਨਹੀਂ ਰਖਣਾ ਚਾਹੁੰਦਾ, ਇਹਦੇ ਬਾਰੇ ਪਿਛਲੇ ਸਮਤਾ ਵਿਚ ਮੈਂ ਵਿਸਥਾਰ ਨਾਲ ਜ਼ਿਕਰ ਕੀਤਾ ਸੀ, ਲੋਕਾਂ ਵਿਚ ਸਾਖ ਬਨਾਉਣ ਲਈ ਸਾਨੂੰ ਇਹ ਸਭ ਪ੍ਰੋਗਰਾਮ ਅਪਨਾਉਣੇ ਪੈਣਗੇ।

o ਇਨਕਲਾਬੀ ਏਕਤਾ ਕੇਂਦਰ ਸਾਰੇ ਜਮਹੂਰੀ ਅੰਸ਼ਾਂ ਨੂੰ ਅਪਣੇ ਵਿਚ ਸ਼ਾਮਲ ਕਰੇਗਾ। ਕਮਿਊਨਿਸਟਾਂ ਨੂੰ ਵੀ ਤੇ ਗ਼ੈਰ ਕਮਿਊਨਿਸਟਾਂ ਨੂੰ ਵੀ। ਵਿਸ਼ਾਲ ਏਕਾਂ ਅਸੀਂ ਬਨਾਉਣਾ ਹੈ ਪਰ ਇਹ ਕਦੀ ਨਹੀਂ ਭੁਲਣਾ ਕਿ ਬੁਨਿਆਦੀ ਸਵਾਲ ਇਹ ਸਿਸਟਮ ਬਦਲਨ ਨਾਲ ਹੀ ਹੱਲ ਹੋਣਗੇ। ਇਸ ਲਈ ਸਮਾਜ ਵਿਚ ਇਨਕਲਾਬੀ ਤਬਦੀਲੀ ਕੇਂਦਰ ਦਾ ਲਕਸ਼ ਹੋਵੇਗਾ। ਕੇਂਦਰ ਦਾ ਨਾਂ ਵੀ ਇਨਕਲਾਬੀ ਏਕਤਾ ਕੇਂਦਰ ਇਸੇ ਸੋਚ ਨੂੰ ਮੁੱਖ ਰਖਕੇ ਤਜਵੀਜ਼ ਕੀਤਾ ਗਿਆ ਹੈ।

**9 ਨਵੰਬਰ ਸਵੇਰੇ 10 ਵਜੇ** ਅਸੀਂ ਸਾਰੇ ਇਕੱਠੇ ਹੋਵਾਂਗੇ। ਹਾਜ਼ਰ ਲੋਕਾਂ ਵਿਚੋਂ ਇਕ ਪ੍ਰੀਜ਼ੀ-ਡੀਅਮ ਬਣਾਇਆ ਜਾਏਗਾ ਜੋ ਸਾਰੀ ਕਾਰਵਾਈ ਚਲਾਉਣ ਦਾ ਜ਼ਿਮੇਂਵਾਰ ਹੋਵੇਗਾ, ਇਹ ਉਹਨਾਂ ਲੋਕਾਂ ਦਾ ਇਕੱਠ ਹੋਵੇਗਾ ਜੋ ਸਮਝਦੇ ਹਨ ਕਿ ਕਮਿਊਨਿਸਟ ਇਨਕਲਾਬੀਆਂ ਵਿਚ ਫੁੱਟ ਇਨਕਲਾਬ ਲਈ ਹਾਨੀ-ਕਾਰਕ ਹੈ। ਵਖਰੇਵੇਂ ਹੁੰਦਿਆਂ ਵੀ ਇਕ ਵਿਸ਼ਾਲ ਦ੍ਰਿਸ਼ਟੀ ਨਾਲ ਇਨਕਲਾਬ ਦੀ ਸੇਵਾ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਉਮੀਦ ਰਖਣੀ ਚਾਹੀਦੀ ਹੈ ਕਿ ਅੱਜ ਜਿਹੜੇ ਤੁਹਾਡੇ ਨਾਲ ਅਸਹਿਮਤ ਹਨ, ਉਹ ਕਲ ਤੁਹਾਡੇ ਨਾਲ ਸਹਿਮਤ ਹੋ ਸਕਦੇ ਹਨ ਜਾਂ ਤੁਸੀ ਉਹਨਾਂ ਨਾਲ ਸਹਿਮਤ ਹੋ ਸਕਦੇ ਹੋ। ਸਹੀ ਅਤੇ ਗ਼ਲਤ ਦਾ ਨਿਰਨਾ ਅਮਲ ਨੇ ਹੀ ਕਰਨਾ ਹੈ। ਅਮਲ ਵਿਚ ਪਏ ਬਗ਼ੈਰ ਦਾਅਵੇ ਕਰਨੇ ਗ਼ਲਤ ਹਨ। ਇਨ-ਕਲਾਬੀ ਲਹਿਰ ਲਈ ਅਗੇ ਵਧਣ ਦੀਆਂ ਬੜੀਆਂ ਸੰਭਾਵਨਾਂਵਾ ਹਨ। ਅਸੀ ਜਿਨ੍ਹਾਂ ਖੇਤਰਾਂ ਵਿਚ ਮਿਲਕੇ ਕੰਮ ਕੀਤਾ ਹੈ, ਪ੍ਰਾਪਤੀਆਂ ਵੀ ਕੀਤੀਆਂ ਹਨ। ਜਿਹੜੇ ਅਸੀਂ ਇਨਕਲਾਬੀ ਏਕਤਾ ਕੇਂਦਰ ਵਿਚ ਆ ਜਾਵਾਂਗੇ, ਉਹ ਅਗੋਂ ਕੋਸ਼ਿਸ਼ ਕਰਨਗੇ ਕਿ ਜਿਹੜੇ ਨਹੀਂ ਆਏ, ਉਹਨਾਂ ਨਾਲ ਵਿਚਾਰਵਟਾਂਦਰਾ ਕਰਕੇ ਉਹਨਾਂ ਨੂੰ ਲਿਆਂਦਾ ਜਾਏ। ਇਹ ਅਮਲ ਮੈਂ ਇਕੱਲੇ ਨੇ ਜਾਣ

ਬੁਝ ਕੇ ਨਹੀਂ ਕੀਤਾ ਕਿਉਂ ਕਿ ਭਾਵੇਂ ਮੈਂ ਏਕਤਾ ਦਾ ਚਾਹਵਾਨ ਹਾਂ ਪਰ ਮੈਂ ਕਿਸੇ ਸਮੂਹ ਦੀ ਨੁਮਾਇੰਦਗੀ ਕਰਨੇ ਦਾ ਹੱਕ ਨਹੀਂ ਰਖਦਾ ਹਾਂ। ਇਨਕਲਾਬੀ ਏਕਤਾ ਕੇਂਦਰ ਬਨਾਉਣ ਦਾ ਸੱਦਾ ਕੇਡਰ ਦੀ ਆਮ ਖ਼ਾਹਸ਼ਾਂ ਨੂੰ ਦੇਖਕੇ ਦਿਤਾ ਹੈ। ਮੈਂ ਵਾਰ ਵਾਰ ਦੁਹਰਾ ਰਿਹਾ ਹਾਂ ਕਿ ਮੈਂ ਇਸ ਤੋਂ ਵੱਧ ਕਰਨ ਲਈ ਕੋਰਾ ਹੱਕ ਨਹੀਂ ਰਖਦਾ ਹਾਂ।

**9 ਨਵੰਬਰ ਸਮਾਗਮ** ਤੇ ਸਮਾਗਮ ਨੂੰ ਸਮਰਪਿਤ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਲੋਕ ਪਖੀ ਗੀਤਾਂ ਦੀ ਇਕ ਕੈਸਟ ਰੀਲੀਜ਼ ਕੀਤੀ ਜਾ ਰਹੀ ਹੈ। ਜਿਸਦਾ ਸਿਰਲੇਖ ਹੈ 'ਕਾਫ਼ਲਾ'। ਉਹਦਾ ਪਹਿਲਾ ਗੀਤ ਸੁਰਜੀਤ ਬਰਾੜ ਘੋਲੀਆਂ ਦਾ ਹੈ।

ਕੱਠੇ ਹੋ ਕੇ ਸੜਕਾਂ ਉੱਤੇ ਆਵਾਂਗੇ
ਖਲਕਤ ਸੁੱਤੀ ਘੂਕ ਪੋਈ ਜਗਾਵਾਂਗੇ।

ਜੈਦੇਵ ਦਿਲਬਰ ਦਾ ਗੀਤ :

ਆਓ ਫੇਰ ਦੁਹਰਾਈਏ, ਮੋਹਿ ਜੂਝਣ ਕਾ ਚਾਓ ਹੈ

ਮਹਿੰਦਰ ਸਾਥੀ ਦਾ ਗੀਤ :

ਮਸ਼ਾਲਾਂ ਬਾਲਕੇ ਚਲਣਾ,
ਜਦੋਂ ਤਕ ਰਾਤ ਬਾਕੀ ਹੈ
ਸੰਭਲ ਕੇ ਹਰ ਕਦਮ ਚੁੱਕਣਾ,
ਜਦੋਂ ਤੱਕ ਰਾਤ ਬਾਕੀ ਹੈ

ਜੈਦੇਵ ਦਿਲਬਰ ਦਾ ਗੀਤ :

ਰੁੱਤ ਆਖੇ ਕਲਮਾਂ ਨੂੰ ਤਲਵਾਰ ਬਣਾਓ
ਠੰਢ ਲਗੇ ਅੱਖਰਾਂ ਨੂੰ ਅੰਗਿਆਰ ਬਣਾਓ
ਪਹਿਲਾਂ ਜੋੜੋ ਸ਼ਕਤੀ ਫਿਰ ਹਥਿਆਰ ਉਠਾਓ

ਤੇ ਸੱਖਣ ਕੁਹਾੜ ਦਾ ਇਹ ਸ਼ਿਅਰ ਇਸ ਗੀਤਾਂ ਦੀ ਲੜੀ ਦਾ ਮਾਰਗ ਦਰਸ਼ਕ ਹੈ :

ਇੱਕਲੇ ਦੀ ਹੈ ਗੱਲ ਵੱਖਰੀ
ਜੇ ਤੁਰਿਆ ਕਾਫ਼ਲਾ ਹੋਵੇ
ਇਹ ਹਰਗਿਜ਼ ਹੋ ਨਹੀਂ ਸਕਦਾ
ਨਾ ਘਟਿਆ ਫ਼ਾਸਲਾ ਹੋਵੇ

9 ਨਵੰਬਰ ਸਵੇਰੇ ਦਸ ਵਜੇ ਦੇਸ਼ ਭਗਤ ਹਾਲ ਵਿਚ ਅਸੀ 'ਕਾਫ਼ਲੇ' ਦੀ ਇਹ ਰੂਹ ਲੈਕੇ ਇੱਕਠੇ ਹੋਵਾਂਗੇ।

ਗੁਰਸ਼ਰਨ ਸਿੰਘ

# *ਪ੍ਰਦੇਸਾਂ ਵਿਚ ਬੈਠੇ ਪੰਜਾਬੀ ਵੀਰਾਂ ਦਾ ਫਿਰਕੂ ਦਹਿਸ਼ਤਗਰਦੀ ਵਿਰੁਧ ਰੋਹ ਦਾ ਪ੍ਰਗਟਾਵਾ*

## ਪੰਜਾਬੀ ਸਾਹਿਤ ਅਤੇ ਸਭਿਆਚਾਰ ਸਭਾ ਵਿਨੀਪੈਗ (ਕੈਨੇਡਾ) ਵਲੋਂ ਦੋ ਰੈਜ਼ੂਲੇਸ਼ਨ

### ਹਲਕੇ ਜਨੂੰਨੀ ਆਪਣੇ ਹੀ ਭਰਾਵਾਂ ਨੂੰ ਵੱਢ ਤੁਰੇ

ਕਲਮ ਤੇ ਮਾਂ ਦੀ ਕੁੱਖੋਂ ਜਨਮੇ ਸੰਗਰਾਮੀ ਘੁਲਾਟੀਏ ਹਮੇਸ਼ਾਂ ਹੀ ਲੋਕਾਈ ਲਈ ਸਿਹਤਮੰਦ ਸਮਾਜ ਸਿਰਜਣ ਵਾਸਤੇ ਵਚਨਬੱਧ ਹੁੰਦੇ ਹਨ। ਜਿੱਚਰ ਤੀਕ ਲੋਕਾਂ ਦਾ ਰਾਜ ਆ ਨਹੀਂ ਜਾਂਦਾ ਉਹ ਆਪਣੇ ਸਿਰੜ ਤੇ ਸਿੱਦਕ ਨੂੰ ਆਪਣੀਆਂ ਜਾਨਾਂ ਤੋਂ ਵੀ ਪਿਆਰਾ ਸਮਝਦੇ ਹਨ। ਉਹ ਘੁਲਾਟੀਏ ਸਨ, ਦਰਸ਼ਨ ਸਿੰਘ ਕੈਨੇਡੀਅਨ ਅਤੇ ਬਲਦੇਵ ਸਿੰਘ ਮਾਨ, ਜਿਨ੍ਹਾਂ ਨੂੰ ਜਨੂੰਨ ਵਿਚ ਹੋਏ ਅੰਨ੍ਹੇ ਦਹਿਸ਼ਤਪਸੰਦਾਂ ਨੇ ਪਿੱਠ ਵਿਚ ਗੋਲੀਆਂ ਮਾਰ ਕੇ ਇਕ ਹੋਰ ਬੁਜ਼ਦਿਲੀ ਦਾ ਸਬੂਤ ਦਿੱਤਾ ਹੈ।

ਪਰ ਕੁੱਖਾਂ ਦੇਸ਼-ਭਗਤਾਂ ਨੂੰ ਵੀ ਜਨਮ ਦਿੰਦੀਆਂ ਆਈਆਂ ਹਨ ਤੇ ਉਹ ਸੰਗਰਾਮੀਏ ਆਪਣੇ ਘੋਲ ਉਨ੍ਹਾਂ ਤੀਕਰ ਨਿਰ-ਵਿਘਨ ਜਾਰੀ ਰੱਖਣਗੇ ਤੇ ਸ਼ਹਾਦਤਾਂ ਦੀ ਕਤਾਰ ਦਿਨੋ ਦਿਨ ਲੰਮੀ ਹੀ ਹੁੰਦੀ ਜਾਣੀ ਏ, ਜਿੰਨੀ ਦੇਰ ਉਹ ਆਪਣੀ ਸੰਕਲਪੀ ਮੰਜ਼ਲ ਨੂੰ ਸਰ ਨਹੀਂ ਕਰ ਲੈਂਦੇ। ਉਹ ਮੰਜ਼ਲ ਹੈ ਅਸਲੀ ਲੋਕ-ਰਾਜ ਜਿਸ ਵਿਚ ਸਭ ਨੂੰ ਬਰਾਬਰ ਦੇ ਹੱਕ ਮਿਲਣਗੇ ਤੇ ਭਰਾ ਦੇ ਹੱਥੋਂ ਭਰਾ ਦੇ ਕਤਲ ਨਹੀਂ ਹੋਣਗੇ। ਮਜ਼੍ਹਬ ਦੇ ਨਾਂ ਤੇ ਵੰਡੀਆਂ ਨਹੀਂ ਪੈਣਗੀਆਂ ਅਤੇ ਨਾ ਹੀ ਕੋਈ ਭੁੱਖ-ਦੁੱਖ ਜਾਂ ਬਿਨਾਂ ਕਿਸੇ ਦੁਆ-ਦਾਰੂ ਤੋਂ ਮਰੇਗਾ। ਇਸ ਨਿਸ਼ਾਨੇ ਨੂੰ ਲੈ ਕੇ ਦੋਵੇਂ ਘੁਲਾਟੀਏ ਪੰਜਾਬ ਦੇ ਲੋਕਾਂ ਨੂੰ ਆਪਣੀ ਆਪਣੀ ਸਮਰਥਾ ਅਨੁਸਾਰ ਚੇਤਨਾ ਦਿੰਦੇ ਆਏ ਸਨ। ਲੋਕਾਈ ਨੂੰ ਖਬਰਦਾਰ ਵੀ ਕਰਦੇ ਸਨ ਤੇ ਇਹ ਉਨ੍ਹਾਂ ਦਾ ਹੋਕਾ ਸੀ ਜੋ ਧਰਮ ਦੇ ਨਾਂ ਤੇ ਵੰਡੀਆਂ ਪਾ ਕੇ ਦਿਨ-ਦਿਹਾੜੇ ਮਾਸੂਮਾਂ ਦੇ ਕਤਲ ਕਰਦੇ ਹਨ, ਉਨ੍ਹਾਂ ਪਿੱਛੇ ਕਿਸ ਦਾ ਹੱਥ ਹੈ? ਸਾਮਰਾਜੀਆਂ ਦੀਆਂ ਕੋਝੀਆਂ ਕਰਤੂਤਾਂ ਨੂੰ ਨੰਗਾ ਕਰਦੇ ਹੋਏ, ਸਹੀ ਦੋਸਤ ਦੀ ਪਹਿਚਾਣ ਕਰਾਉਣਾ ਵੀ ਉਨ੍ਹਾਂ ਦੇ ਟੀਚਿਆਂ ਵਿਚੋਂ ਇਕ ਟੀਚਾ ਸੀ।

ਦਰਸ਼ਨ ਸਿੰਘ ਕੈਨੇਡੀਅਨ ਕਾਫ਼ੀ ਅਰਸਾ ਕੈਨੇਡਾ ਵਿਚ ਰਹਿ ਕੇ ਪੂਰੀ ਤਨਦੇਹੀ ਨਾਲ I.W.A. ਦੇ ਭਰਾਵਾਂ ਨੂੰ ਆਪਣੇ ਹੱਕਾਂ ਤੋਂ ਜਾਣੂ ਕਰਵਾਉਂਦੇ ਰਹੇ। ਉਨ੍ਹਾਂ ਵਿਚ ਇਹ ਰੂਹ ਫੂਕੀ ਕਿ ਹੱਕ ਮਿਲਦੇ ਨਹੀਂ, ਹੱਕ ਲੈਣੇ ਪੈਂਦੇ ਹਨ।

ਵਾਪਸ ਪੰਜਾਬ ਪਰਤ ਕੇ ਵੀ ਉਸੇ ਆਸ਼ੇ ਨਾਲ ਪੰਜਾਬੀਆਂ ਨੂੰ ਖੂਨ ਚੂਸਣੀਆਂ ਜੋਕਾਂ ਤੋਂ ਨਿਜਾਤ ਪੁਆਉਣ ਦਾ ਘੋਲ ਆਰੰਭ ਦਿੱਤਾ ਤੇ ਉਹ ਆਪਣੇ ਆਖ਼ਰੀ ਦਮਾਂ ਤੀਕਰ ਇਸ ਤੇ ਪਹਿਰਾ ਦਿੰਦੇ ਰਹੇ।

ਇਸੇ ਤਰ੍ਹਾਂ ਬਲਦੇਵ ਸਿੰਘ ਮਾਨ ਜੋ ਕਿ "ਹਿਰਾਵਲ ਦਸਤੇ" ਦੇ ਸੰਪਾਦਕ ਵੀ ਸਨ ਤੇ ਉਨ੍ਹਾਂ ਵਿਦਿਆਰਥੀ ਵਿੰਗ ਵਿਚੋਂ ਉਭਰ ਕੇ ਪੰਜਾਬ ਦੇ ਲੋਕਾਂ ਨੂੰ ਵੰਡ-ਖਾਣੀਆਂ ਸਰਕਾਰਾਂ ਦੀਆਂ ਕਰਤੂਤਾਂ ਤੇ ਉਨ੍ਹਾਂ ਦੇ ਜਮਾਤੀ ਖਾਸੇ ਨੂੰ ਲੋਕਾਂ ਵਿਚ ਨੰਗਾ ਕੀਤਾ। ਧਾਰਮਿਕ ਜਾਨੂੰਨ ਕੀ ਹੈ, ਤੇ ਖਾਲਿਸਤਾਨ ਕੌਣ ਮੰਗਦੇ ਹਨ, ਇਸਦੇ ਪਿੱਛੇ ਕਿਸ ਦਾ ਹੱਥ ਹੈ, ਇਸ ਨੂੰ ਵਿਸਥਾਰ ਨਾਲ ਆਪਣੀ ਕਲਮ ਨਾਲ ਲੋਕਾਂ ਵਿਚ ਲਿਜਾਂਦੇ ਰਹੇ। ਪੂਰੀ ਮਿਹਨਤ ਤੇ ਸਿਰੜ ਨਾਲ ਅਣਥੱਕ ਮਿਹਨਤ ਕਰਦੇ ਹੋਏ ਪੰਜਾਬੀਆਂ ਨੂੰ ਸਾਮਰਾਜੀ ਲੁਟੇਰੇ ਚਾਲਾਂ ਤੋਂ ਸੁਚੇਤ ਕਰਾਉਂਦੇ ਰਹੇ।

ਜੋ ਬੁਜ਼ਦਿਲੀ ਤੇ ਕਾਇਰਤਾ ਦਾ ਸਬੂਤ ਜਾਨੂੰਨੀ ਸਿਰ-ਫਿਰਿਆਂ ਨੇ ਦਿੱਤਾ ਹੈ, ਸ਼ਮੇਂ ਦੇ ਸੱਚ ਨੇ ਉਨ੍ਹਾਂ ਨੂੰ ਮੁਆਫ ਨਹੀਂ ਕਰਨਾ।

ਇਸ ਤੋਂ ਉਪਰੰਤ ਆਸਾਡੀ ਸਭਾ ਉਨ੍ਹਾਂ ਨਿਰਦੋਸ਼ੇ ਤੇ ਮਾਸੂਮ ਕਤਲਾਂ ਦੀ ਵੀ ਨਖੇਧੀ ਕਰਦੀ ਹੈ, ਜੋ ਖਾਲਿਸਤਾਨੀ ਦਹਿਸ਼ਤਪਸੰਦਾਂ ਨੇ ਜਨੂੰਨ ਵਿਚ ਅੰਨ੍ਹੇ ਹੋ ਕੇ ਕੀਤੇ। ਅਸੀਂ ਪੰਜਾਬ ਦੀ ਸਰਕਾਰ ਨੂੰ ਸਿੱਧਾ ਹੀ ਇਨ੍ਹਾਂ ਕਤਲਾਂ ਦਾ ਜ਼ੁਮੇਵਾਰ ਠਹਿਰਾਉਂਦੇ ਹਾਂ, ਜਿਹੜੀ ਅਸਲੋਂ ਹੀ ਅਮਨ ਬਹਾਲ ਕਰਨ ਵਿਚ ਨਾ-ਕਾਮਯਾਬ ਰਹੀ ਹੈ। ਪੰਜਾਬ ਸਰਕਾਰ ਦੀ ਨਿਪੁੰਸਕ ਨੀਤੀ ਤੇ ਲਾਹਨਤਾਂ ਪਾਉਂਦੇ ਹਾਂ, ਜੋ ਲੋਕਾਂ ਦੇ ਜਾਨ ਮਾਲ ਦੀ ਰਾਖੀ ਨਹੀਂ ਕਰ ਸਕੀ। ਇਹ ਲੋਕ-ਸੇਵਕ ਨਹੀਂ ਸਾਬਤ ਹੋਏ ਇਹ ਤਾਂ ਕੁਰਸੀ-ਸੇਵਕ ਹੀ ਹਨ।

ਅਸੀਂ ਕੈਨੇਡਾ ਵਿਚ ਰਹਿੰਦੇ ਭਾਰਤੀ-ਪੰਜਾਬੀ ਇਹੋ ਪ੍ਰਣ ਕਰੀਏ ਕਿ ਜੋ ਭਰਾ-ਮਾਰ ਦੀ ਪਲੇਗ ਸਾਰੇ ਭਾਰਤ ਵਿਚ ਫੈਲ ਚੁੱਕੀ ਹੈ ਤੇ ਦੋਵੇਂ ਸਰਕਾਰਾਂ ਇਸ ਬੀਮਾਰੀ ਨੂੰ ਫੈਲਾਉਣ ਦੀਆਂ ਜ਼ੁਮੇਵਾਰ ਹਨ। ਮਤੇ ਇਥੇ ਵੀ ਇਹ ਬੀਮਾਰੀ ਨਾ ਫੈਲ ਜਾਵੇ। ਆਸਾਡਾ ਇਹੋ ਫਰਜ਼ ਬਣਦਾ ਹੈ ਕਿ ਅਸੀਂ ਇਕ ਦੂਸਰੇ ਦੇ ਜਜ਼ਬਾਤਾਂ ਦੀ ਕਦਰ ਕਰੀਏ। ਧਰਮ, ਬੋਲੀ ਤੇ ਜ਼ਾਤਪਾਤ ਤੋਂ ਉੱਚਾ ਉੱਠਕੇ ਇਨਸਾਨ ਹੁੰਦੇ ਹੋਏ ਇਨਸਾਨ ਦੀ ਕਦਰ ਕਰੀਏ। ਜੇ ਇਸ ਦਿਸ਼ਾ ਵੱਲ ਤੁਰਦੇ ਹਾਂ ਤਾਂ ਅਸੀਂ ਦਰਸ਼ਨ ਸਿੰਘ ਕੈਨੇਡੀਅਨ ਤੇ ਬਲਦੇਵ ਸਿੰਘ ਮਾਨ ਨੂੰ ਸੱਚੇ ਦਿਲੋਂ ਸ਼ਰਧਾਂਜਲੀ ਪੇਸ਼ ਕਰਦੇ ਹਾਂ—

**2. ਦਿੱਲੀ ਦੇ ਦੰਗਿਆਂ ਦੇ ਕਮਿਸ਼ਨ ਸੰਬੰਧੀ ਰੋਸ**

ਜੋ ਕਮਿਸ਼ਨ ਭਾਰਤ ਸਰਕਾਰ ਨੇ ਦਿੱਲੀ ਦੇ ਦੰਗਿਆਂ ਸੰਬੰਧੀ ਬਿਠਾਇਆ ਸੀ, ਉਸ ਦੀ ਹਾਲੇ ਤੀਕ ਰਿਪੋਰਟ ਲੋਕਾਂ ਵਿਚ ਨਹੀਂ ਆਈ। ਰਿਪੋਰਟ ਲੋਕਾਂ ਵਿਚ ਨਾ ਛਾਪਣੇ ਦੀ ਭਾਰਤ ਸਰਕਾਰ ਢਿੱਲ-ਮੱਠ ਕਰ ਰਹੀ ਹੈ। ਇਹ ਉਸ ਦੀ ਸੋਚੀ ਸਮਝੀ ਚਾਲ ਹੈ-ਕਮਿਸ਼ਨ ਤੋਂ ਪਹਿਲਾਂ P.U.D.R. ਤੇ P.U.C.L. ਇਨ੍ਹਾਂ ਤੋਂ ਉਪਰੰਤ ਹੋਰ ਅਮਨ ਪਸੰਦ ਸੰਸਥਾਵਾਂ ਨੇ ਵੀ ਪੂਰੀ ਮਿਹਨਤ ਕਰਕੇ ਅਤੇ ਘਰੋਂ ਘਰ ਜਾ ਕੇ ਲੋਕਾਂ ਤੋਂ ਪੁੱਛਿਆ। ਉਸ ਮਗਰੋਂ ਉਨ੍ਹਾਂ ਨਾਵਾਂ ਦੀਆਂ ਸੂਚੀਆਂ ਪਰੈਸਾਂ ਵਿਚ ਤੇ ਕਿਤਾਬਾਂ ਦੀ ਸ਼ਕਲ ਵਿਚ ਛਾਪਕੇ ਲੋਕਾਂ ਵਿਚ ਆਈਆਂ। ਉਸ ਵਿਚ ਗੁਨਾਹਗਾਰ ਸਨ ਜਿਹੜੇ ਹੁਣ ਰਜੀਵ ਦੇ ਮੰਤਰੀ ਮੰਡਲ ਵਿਚ ਭਗਤ ਵਰਗੇ ਲੋਕ-ਕਾਤਲ ਸ਼ਰੀਫ ਮੰਤਰੀ ਬਣੇ ਬੈਠੇ ਹਨ। ਇਸ ਤੋਂ ਉਪਰੰਤ ਜਿਹੜੇ ਹੋਰ ਕਾਂਗਰਸੀ ਗੁੰਡੇ ਜਿਨ੍ਹਾਂ ਦੇ ਨਾਂ P.U.D.R. ਤੇ P.U.C.L. ਦੇ ਮੈਂਬਰਾਂ ਦਿੱਤੇ ਹਨ, ਉਨ੍ਹਾਂ ਉਪਰ ਕਾਤਲਾਂ ਤੇ ਅਣ-ਮਨੁੱਖੀ ਘਟਨਾਵਾਂ ਵਿਰੁੱਧ ਮੁਕੱਦਮੇ ਦਰਜ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਜਿਨ੍ਹਾਂ ਸੰਸਥਾਵਾਂ ਨੇ P.U.D.R.-P.U.C.L. ਦੋਸ਼ੀਆਂ ਉਪਰ ਉਂਗਲ ਲਿਖਤੀ ਰੂਪ ਵਿਚ ਧਰੀ ਹੈ, ਉਨ੍ਹਾਂ ਨੂੰ ਕਮਿਸ਼ਨ ਅੱਗੇ ਆਪਣੀ ਰਿਪੋਰਟ ਨਾ ਪੇਸ਼ ਕਰਨ ਦੇਣੀ, ਇਹ ਦਿਲੀ ਦੀ ਸਰਕਾਰ ਦੀ ਮੱਕਾਰੀ ਹੈ ਜੋ ਅਖੌਤੀ ਲੋਕ-ਤੰਤਰ ਰਾਜ ਦੇ ਪਰਦੇ ਪਿੱਛੇ ਉਨ੍ਹਾਂ ਸਾਰੇ ਗੁੰਡਿਆਂ ਨੂੰ ਪਨਾਹ ਦਈ ਬੈਠੀ ਹੈ, ਜਿਨ੍ਹਾਂ ਨੂੰ ਪਾਲ ਪੋਸ ਕੇ ਗਿਣਿਆ ਮਿਥਿਆ ਅਣ-ਮਨੁਖੀ ਕਾਰਾ ਕਰਵਾਇਆ ਸੀ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਿਚ ਸਿੱਧਾ ਹੀ ਦਿੱਲੀ ਦੀ ਸਰਕਾਰ ਦਾ ਹੱਥ ਸੀ। ਜੇ ਨਾ ਤਾਂ ਹਾਲੇ ਤੀਕ ਕਮਿਸ਼ਨ ਦੀ ਰਿਪੋਰਟ ਹੀ ਆਈ ਹੈ ਅਤੇ ਨਾ ਬਗਲੇ-ਭਗਤ ਮੰਤਰੀ ਨੂੰ ਹੀ ਉਸਦੇ ਅਹੁਦੇ ਤੋਂ ਹਟਾਇਆ ਹੈ—ਬਾਕੀ ਦੇ ਗੁੰਡਿਆਂ ਨੂੰ ਭਲਾ ਕੌਣ ਪੁੱਛਣ ਵਾਲਾ ਹੈ। ਜਦੋਂ ਰਾਜੀਵ-ਭਗਤ ਉਹਨਾਂ ਦੀ ਰਾਖੀ ਲਈ ਦਿੱਲੀ ਦੇ ਤਖਤ ਤੇ ਬਿਰਾਜਮਾਨ ਹੈ।

ਪੰਜਾਬ ਵਿਚ ਬਰਨਾਲਾ ਸਰਕਾਰ ਖਾਲਿਸਤਾਨੀ ਦਹਿਸ਼ਤ-ਪਸੰਦਾਂ ਦੇ ਨੱਥ ਪਾਉਣ ਵਿਚ ਅਸਲੋਂ ਹੀ ਨਾ-ਕਾਮਯਾਬ ਹੈ। ਇਸੇ ਤਰ੍ਹਾਂ ਦਿੱਲੀ ਦੀ ਸਰਕਾਰ (ਰਜੀਵ-ਜੁੰਡੀ) ਆਪਣੇ ਪਾਲਤੂ ਗੁੰਡਿਆਂ ਨੂੰ ਘੁਰਨਿਆਂ ਵਿਚੋਂ ਕੱਢਣ ਦਾ ਨਾਂ ਨਹੀਂ ਲੈਂਦੀ, ਜਿਨ੍ਹਾਂ ਨੇ ਨਿਰਦੋਸ਼ ਲੋਕਾਂ ਨਾਲ ਖੂਨ ਦੀ ਹੋਲੀ ਖੇਡੀ।

ਅਸੀਂ ਸਖਤ ਸ਼ਬਦਾਂ ਵਿਚ ਦਿੱਲੀ ਦੀ ਸਰਕਾਰ ਦੀ ਨਿਖੇਧੀ ਕਰਦੇ ਹਾਂ ਜੋ ਜਾਣ ਬੁੱਝ ਕੇ ਕਮਿਸ਼ਨ ਦੀ ਰਿਪੋਰਟ ਲੋਕਾਂ ਵਿਚ ਨਹੀਂ ਲਿਆ ਰਹੀ। ਲੋਕਾਂ ਵਿਚ ਰਿਪੋਰਟ ਆਉਣ ਨਾਲ ਸਫਾਫ ਗਾਂਧੀਵਾਦ ਦਾ ਖਾਸਾ ਲੋਕਾਂ ਵਿਚ ਉਭਰਕੇ ਆਵੇਗਾ ਤੇ ਦੱਸੇਗਾ ਇਹੋ ਹਨ ਬਹੁ-ਰੂਪੀਏ ਜਿਨ੍ਹਾਂ ਨੇ ਮਾਸੂਮ ਲੋਕਾਂ ਦੀਆਂ ਪੱਤਾਂ ਲੁੱਟੀਆਂ ਘਰੋਂ ਬੇਘਰ ਕੀਤੇ ਤੇ ਬਾਜ਼ਾਰਾਂ ਵਿਚ ਇਨਸਾਨੀ ਖੂਨ ਦੇ ਹੜ੍ਹ ਲਿਆਂਦੇ।

## ਲੋਕ ਸਭਿਆਚਾਰਕ ਮੰਚ ਕੈਲਗਰੀ (ਕਨੇਡਾ) ਵਲੋਂ ਪ੍ਰੈੱਸ ਦੇ ਨਾਉਂ ਬਿਆਨ—

# ਫਿਰਕਾਪ੍ਰਸਤੀ ਵਿਰੁਧ ਇਕ ਸਾਂਝੇ ਫਰੰਟ ਵਿਚ ਇਕੱਠੇ ਹੋਵੋ

70 ਸਾਲਾਂ ਦੇ ਬਜ਼ੁਰਗ ਦੇਸ਼ ਭਗਤ ਕਮਿਊਨਿਸਟ ਦਰਸ਼ਨ ਸਿੰਘ ਕੈਨੇਡੀਅਨ ਨੂੰ ਪਿਛੋਂ ਗੋਲੀ ਮਾਰ ਕੇ ਸ਼ਹੀਦ ਕਰਕੇ ਖਾਲਿਸਤਾਨੀ ਕਮਾਂਡੋਆਂ ਨੇ ਜਿਹੜਾ 'ਬਹਾਦਰੀ' ਦਾ ਟਿੱਕਾ ਮਥੇ ਲਵਾਇਆ ਹੈ ਉਹ ਇਨ੍ਹਾਂ ਦੇ ਗੰਦੇ ਮੰਦੇ ਖੂਨੀ ਤੇ ਵਹਿਸ਼ੀ ਚਿਹਰਿਆਂ ਨੂੰ ਲੋਕਾਂ ਵਿਚ ਹੋਰ ਵੀ ਤੇ ਹਮੇਸ਼ਾਂ ਹੀ ਉਜਾਗਰ ਕਰਦਾ ਰਹੇਗਾ ਤੇ ਲੋਕ ਇਨ੍ਹਾਂ ਜਨੂੰਨੀ ਕੁੱਤਿਆਂ ਨੂੰ ਦੁਰਕਾਰਦੇ ਤੇ ਫਿਟਕਾਰਾਂ ਪਾਉਂਦੇ ਰਹਿਣਗੇ। ਹਰ ਕੋਈ ਜਾਣਦਾ ਹੈ ਕਿ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਵਲੋਂ ਕੈਨੇਡਾ ਦੀ ਮਜ਼ਦੂਰ ਲਹਿਰ ਵਿਚ ਪਾਇਆ ਗਿਆ ਵੱਡਮੁਲਾ ਯੋਗਦਾਨ ਇਥੇ ਅਜੇ ਵੀ (ਮਾਣ ਨਾਲ) ਯਾਦ ਕੀਤਾ ਜਾਂਦਾ ਹੈ। ...ਤੋਂ ਸਾਥੀ ਬਲਦੇਵ ਮਾਨ (ਸੰਪਾਦਕ—ਹਿਰਾਵਲ ਦਸਤਾ) ਸੂਬਾਈ ਕਮੇਟੀ ਮੈ ਬਰ—ਭਾਰਤੀ ਕਮਿਊਨਿਸਟ ਪਾਰਟੀ, (ਮ. ਲ.) ਨੂੰ ਘੇਰ ਕੇ ਕਤਲ ਕਰਕੇ ਇੰਨ੍ਹਾਂ ਨੇ ਆਪਣਾ ਲੋਕ-ਵਿਰੋਧੀ ਫ਼ਾਸ਼ਿਸ਼ਟ ਕਿਰਦਾਰ ਹੀ ਨੰਗਾ ਕੀਤਾ ਹੈ।

ਅਸੀਂ ਇਨ੍ਹਾਂ ਵਹਿਸ਼ੀ ਕਤਲਾਂ ਦੀ ਪੁਰਜ਼ੋਰ ਸ਼ਬਦਾਂ 'ਚ ਨਿਖੇਧੀ ਕਰਦੇ ਹਾਂ ਤੇ ਸਮੂਹ ਜਮਹੂਰੀਅਤ ਪਸੰਦ ਲੋਕਾਂ, ਜਥੇਬੰਦੀਆਂ ਨੂੰ ਵੀ ਇਹਨਾਂ ਕਤਲਾਂ ਵਿਰੁਧ ਆਵਾਜ਼ ਉਚੇਰੀ ਕਰਨ ਦੀ ਅਪੀਲ ਕਰਦੇ ਹਾਂ ਤਾਂਕਿ ਅਗਾਂਹ ਤੋਂ ਅਜਿਹੇ ਕੁਕਰਮ ਰੋਕਣ ਲਈ ਲੋਕ—ਉਭਾਰ ਪੈਦਾ ਕੀਤਾ ਜਾ ਸਕੇ।

ਸੁਮੀਤ ਪ੍ਰੀਤਲੜੀ, ਸੁਖਰਾਜ ਖੱਧਰ, ਰਤਨ ਸਿੰਘ ਪਟਵਾਰੀ, ਅਰਜਨ ਸਿੰਘ ਮਸਤਾਨਾ, ਅੰਜੀਤ ਰਾਮ (ਤੇ ਬਬਲੂ), ਬਲਦੇਵ ਮਾਨ ਤੇ ਦਰਸ਼ਨ ਸਿੰਘ ਕੈਨੇਡੀਅਨ ਵਰਗੇ ਖੱਬੀ ਲਹਿਰ ਦੇ ਉੱਘੇ ਕਾਰਕੂੰਨ ਇਸ ਜਨੂੰਨ ਦੀ ਬਲੀ ਚੜ੍ਹ ਚੁੱਕੇ ਹਨ। ਸਾਫ ਜ਼ਾਹਿਰ ਹੈ ਕਿ ਲੁਟੇਰੀਆਂ ਹਾਕਮ ਜਮਾਤਾਂ ਅਤੇ ਸਾਮਰਾਜੀ ਸ਼ਕਤੀਆਂ ਵਲੋਂ ਖੱਬੀ ਲਹਿਰ ਤੇ ਖਾਸ ਕਰ ਕਮਿਊਨਿਸਟ ਇਨਕੱਲਾਬੀ ਸ਼ਕ—ਤੀਆਂ ਨੂੰ ਸਿਰੇ ਦੇ ਸਜ-ਪਿਛਾਖੜ ਮੂਲਵਾਦ ਨਾਲ ਭਿੜਾ ਮਾਰਨ ਦੀ ਕੋਝੀ ਸਾਜ਼ਸ਼ ਰਚੀ ਗਈ ਹੈ।(ਭਿੰਡਰਾਂ ਵਾਲੇ ਨੇ ਐਵੇਂ ਸੁਤੇਸਿਧ ਹੀ 'ਹਿੰਦੂ ਸਾਮਰਾਜ' ਤੋਂ ਬਾਅਦ, ਕਮਿਊ—ਨਿਸਟਾਂ ਨੂੰ ਦੁਸ਼ਮਣ ਨੰਬਰ 1, ਨਹੀਂ ਸੀ ਗਰਦਾਨਿਆ) ਅੱਜ ਜਦੋਂ ਕਿ ਅਮਰੀਕਾ ਅਤੇ ਹੋਰ ਸਾਮਰਾਜੀ ਸ਼ਕਤੀਆਂ ਵਲੋਂ ਰੂਸੀ ਸਮਾਜਕ ਸਾਮਰਾਜੀਆਂ ਦਾ ਵਧੇਰੇ ਪੱਖ ਪੂਰਨ ਵਾਲੀ ਕਾਂਗਰਸ ਹਕੂਮਤ ਨੂੰ ਸਬਕ ਸਿਖਾਉਣ ਲਈ ਭਾਰਤ ਦੀ ਹਿੱਕ ਵਿਚ ਖਾਲਿਸਤਾਨੀ ਨਾਸੂਰ ਖੜਾ ਕਰਨ ਦੇ ਨਾਲ ਨਾਲ, ਆਪਣਾ ਹੱਥ ਠੋਕਾ ਫੌਜੀ ਅੱਡਾ ਕਾਇਮ ਕਰਨ ਦੇ ਨਾਲ ਨਾਲ ਆਪਣੇ **ਅਸਲ ਨਿਸ਼ਾਨੇ** ਕਮਿਊ—ਨਿਸਟ ਲੋਕ ਸ਼ਕਤੀਆਂ ਨੂੰ (ਨਵੀਨਤਮ ਹਥਿਆਰਾਂ ਨਾਲ ਲੈਸ ਤੇ ਟਰੇਂਨਡ)ਸਜ—ਪਿਛਾਖੜ ਜਨੂੰਨੀਆਂ ਹਥੋਂ ਤਬਾਹ ਕਰਨ ਦੀ ਸਾਜ਼ਸ਼ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿਤਾ ਗਿਆ ਹੈ ਤਾਂ ਸਾਰੀਆਂ ਕਮਿ. ਧਿਰਾਂ ਨੂੰ **ਫੌਰੀ ਤੌਰ** ਤੇ ਇਸ ਤਬਾਹਕੁੰਨ ਸਾਜਸ਼ ਵਿਰੁਧ (ਅਤੇ ਜਨ ਸਾਧਾਰਣ ਦੀ ਰਖਿਆ ਕਰਨ ਹਿੱਤ) ਇਕੱਠੇ ਹੋਕੇ ਲੜਾਈ ਦੇਣ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ। ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨੇਂਗੇ—ਫਿਰਕੂ ਬਦਮਾਸ਼ ਕਾਤਲੀ ਢਾਣਾ, ਜਿਸਨੂੰ ਲੋਕ ਸ਼ਕਤੀਆਂ ਵਿਰੁੱਧ ਅਜਿਹੇ ਮਾਰੂ ਐਕਸ਼ਨ ਕਰਨ ਲਈ ਸਰਕਾਰੀ ਸ਼ਹਿ ਵੀ ਪ੍ਰਾਪਤ ਹੈ, ਨੂੰ ਮੋੜਵੇਂ ਜੁਆਬ ਦੇਣੇ ਹੀ ਪੈਂਣੇ ਹਨ ਲੋਕਾਂ ਨੂੰ।

ਅਖੀਰ ਵਿਚ ਅਸੀਂ ਸਮੂਹ ਖੱਬੀਆਂ ਧਿਰਾਂ ਨੂੰ ਫਿਰਕਾਪ੍ਰਸਤੀ ਵਿਰੁਧ ਇਕ ਸਾਂਝੇ ਫਰੰਟ ਵਿਚ ਇਕੱਠੇ ਹੋਣ ਲਈ ਗੰਭੀਰਤਾ ਅਤੇ ਸੁਹਿਰਦਤਾ ਨਾਲ ਵਿਚਾਰ ਅਤੇ **ਅਮਲ ਕਰਨ** ਦੀ ਪੁਰਜ਼ੋਰ ਅਪੀਲ ਕਰਦੇ ਹਾਂ ਤੇ ਫਿਰਕੂ—ਬੁਜ਼ਦਿਲ ਕਾਤਲਾਂ ਨੂੰ ਮੁਰਦਾਬਾਦ ਕਹਿੰਦੇ ਹਾਂ।

ਇਨਕਲਾਬੀ ਸੁਭ ਇਛਾਵਾਂ ਨਾਲ,

ਲੋਕ ਸਭਿਆਚਾਰਕ ਮੰਚ
ਕੈਲਗਰੀ (ਅਲਬਰਟਾ) ਕੈਨੇਡਾ

---

# ਅਨੇਕਤਾ ਨੂੰ ਖਤਰਾ-ਉਠ ਰਹੀ ਫਿਰਕਾਪ੍ਰਸਤੀ

ਭਾਰਤ ਵਿਚ ਵੱਖ ਵੱਖ ਲੋਕਾਂ ਦੇ ਸਭਿਆਚਾਰ ਨੂੰ ਦੇਸ਼ ਦੀ ਅਖੰਡਤਾ, ਏਕਤਾ ਅਤੇ ਧਰਮ ਨਿਰਪੇਖਤਾ ਦੇ ਨਾਂ ਤੇ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਬੁਨਿਆਦੀ ਤੌਰ ਤੇ ਇਕ ਫਿਰਕਾਪ੍ਰਸਤੀ ਹੈ, ਜਿਸਦੇ ਜ਼ੋਰ ਨਾਲ ਵੱਧ ਗਿਣਤੀ ਵਾਲਾ ਫਿਰਕਾ ਘੱਟ ਗਿਣਤੀ ਵਾਲੇ ਫਿਰਕਿਆਂ ਤੇ ਹਾਵੀ ਹੋ ਜਾਂਦਾ ਹੈ। ਫ਼ਾਸ਼ੀਵਾਦ ਨੂੰ ਵੀ ਇਹ ਸੋਚ ਆਧਾਰ ਬਖਸ਼ਦੀ ਹੈ। ਭਾਰਤ ਵਿਚ ਭਾਰਤ ਸਰਕਾਰ ਦੀ ਸ਼ਹਿ ਤੇ ਇਹ ਰੁਝਾਣ ਉਠ ਰਹੇ ਹਨ। ਇਹਨਾਂ ਦੇ ਵਿਰੁੱਧ ਲੋਕ ਰਾਏ ਲਾਮਬੰਦ ਕਰਨ ਲਈ ਤੇ ਇਕ ਸਾਂਝੀ ਲੜਾਈ ਲੜਨ ਲਈ ਕੱਲਕਤਾ ਵਿਚ 7 ਨਵੰਬਰ ਤੋਂ 10 ਨਵੰਬਰ ਇਕ ਭਾਰੀ ਕਨਵੈਨਸ਼ਨ ਹੋ ਰਹੀ ਹੈ, ਜਿਸ ਵਿਚ ਦੇਸ਼ ਦੀਆਂ ਨਾਮਵਰ ਜਮਹੂਰੀ ਸ਼ਖਸੀਅਤਾਂ ਅਤੇ ਬੁੱਧੀਜੀਵ ਭਾਗ ਲੈ ਰਹੇ ਹਨ। ਇਸ ਦਾ ਪ੍ਰਬੰਧ ਭਾਸਕਰ ਨੰਦਾ ਹੋਰਾਂ ਨੇ ਕੀਤਾ ਹੈ।

ਭਾਰਤ ਵਿਚ ਜਮਹੂਰੀ ਸੋਚ ਨੂੰ ਲਾਮਬੰਦ ਕਰਨ ਵਿਚ ਇਹ ਕਨਵੈਨਸ਼ਨ ਇਕ ਅਹਿਮ ਭੂਮਿਕਾ ਨਿਭਾਏਗੀ। ਅਸੀਂ ਇਹਦਾ ਸਵਾਗਤ ਕਰਦੇ ਹਾਂ।

ਗੁਰਸ਼ਰਨ ਸਿੰਘ

## 9 ਨਵੰਬਰ ਦਾ ਦਿਨ : 'ਮੀਲ ਪੱਥਰ' ਕਿ ਰਾਹ ਦਾ 'ਪੱਥਰ' ?

ਸਤਿਕਾਰਯੋਗ ਭਾਅ ਜੀ,

ਇਸ ਮੌਕੇ ਜਦ ਪੰਜਾਬ ਦੀ ਕਮਿਊਨਿਸਟ ਲਹਿਰ ਬੁਰੀ ਤਰ੍ਹਾਂ ਪਾਟੋ-ਧਾੜ ਦਾ ਸ਼ਿਕਾਰ ਹੈ ਅਤੇ ਇਸ ਦੀਆਂ ਵੱਖ-ਵੱਖ ਟੁਕੜੀਆਂ ਤੰਗਨਜ਼ਰੀ ਤੇ ਤੁਅੱਸਬ ਨਾਲ ਅੰਨ੍ਹੀਆਂ ਹੋਈਆਂ ਫਿਰਦੀਆਂ ਹਨ ਤਾਂ ਤੁਹਾਡੇ ਵੱਲੋਂ ਇਹਨਾਂ ਸਮੁੱਚੀਆਂ ਤਾਕਤਾਂ ਨੂੰ ਇਕੋ ਝੰਡੇ ਹੇਠ ਇਕਠਾ ਕਰਨ ਲਈ ਮਾਰਿਆ ਜਾ ਰਿਹਾ ਹੰਭਲਾ ਦਰਸਾਉਂਦਾ ਹੈ ਕਿ ਲਹਿਰ ਅੰਦਰ ਸੁਹਿਰਦਤਾ ਦਾ ਮਾਦਾ ਅਜੇ ਵੀ ਮਜ਼ਬੂਤ ਹੈ । ਤੁਹਾਡੇ ਵੱਲੋਂ ਪਰਗਟਾਈ ਇਹ ਸੁਹਿਰਦਤਾ ਤੇ ਜੁਰਅਤ ਵਾਕਿਆ ਹੀ ਸ਼ਲਾਘਾ ਦੀ ਹੱਕਦਾਰ ਹੈ । ਪਰ ਮਾਰਕਸਵਾਦੀ ਹੋਣ ਦੇ ਨਾਤੇ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸ਼ਾਡੇ ਕਾਜ਼ ਦੀ ਪੂਰਤੀ ਮਹਿਜ਼ ਸੁਹਿਰਦਪੁਣੇ ਤੇ ਜੁਅਰਤ ਨਾਲ ਹੀ ਸੰਭਵ ਨਹੀਂ । ਬੇਸ਼ੱਕ ਇਹ ਦੋਨੋਂ ਗੱਲਾਂ ਸਾਡੇ ਉਦੇਸ਼ ਦੀ ਪੂਰਤੀ ਲਈ ਸਹਾਈ ਸ਼ਰਤਾਂ ਤਾਂ ਬਣਦੀਆਂ ਹਨ, ਪਰ ਨਿਰਣਾਇਕ ਗੱਲ ਸਿਆਸਤ ਦੀ ਹੈ । ਇਸ ਪੱਖੋਂ ਜਿੱਥੇ ਮੈਂ ਤੁਹਾਡੇ ਨੇਕ-ਇਰਾਦੇ, ਈਮਾਨਦਾਰੀ ਤੇ ਸੁਹਿਰਦਤਾ ਦਾ ਕਾਇਲ ਹਾਂ ਉਥੇ ਨਾਲ ਹੀ ਤੁਹਾਨੂੰ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਜੇਕਰ ਤੁਹਾਡੀ ਸ਼ਖਸੀਅਤ ਅੰਦਰ ਵਿਦਮਾਨ ਇਹਨਾਂ ਪੱਖਾਂ ਨੂੰ ਦਰੁਸਤ ਵਿਚਾਰਧਾਰਕ ਸਿਆਸੀ ਲੀਹ ਦੀ ਪੁੱਠ ਚੜ੍ਹ ਸਕੇ ਤਾਂ ਇਹ 'ਸੋਨੇ ਤੇ ਸੁਹਾਗਾ' ਵਰਗੀ ਗੱਲ ਹੋਵੇਗੀ । ਦਰੁਸਤ ਸਿਆਸੀ ਸੇਧ ਤੋਂ ਬਗੈਰ ਤੁਹਾਡੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ, ਇਹ ਕਿੰਨੀਆਂ ਵੀ ਸੁਹਿਰਦ ਕਿਉਂ ਨਾਂ ਹੋਣ, ਉਹ ਫਲ ਨਹੀਂ ਲੱਗਾ, ਜਿਸਦੇ ਲਈ ਤੁਸੀਂ ਇੰਨੇ ਯਤਨਸ਼ੀਲ ਹੋ ।

ਤੁਹਾਡੇ ਵੱਲੋਂ ਪ੍ਰਸਾਤਵਤ ਇਨਕਲਾਬੀ ਏਕਤਾ ਕੇਂਦਰ ਦੇ ਸੰਦਰਭ ਵਿਚ ਮੈਂ ਤੁਹਾਡਾ ਧਿਆਨ ਇਕ ਕੇਂਦਰੀ ਮਹੱਤਤਾ ਵਾਲੇ ਨੁਕਤੇ ਵੱਲ ਦਿਵਾਣਾ ਚਾਹੁੰਦਾ ਹਾਂ । ਮੈਂ ਇਸਨੂੰ ਇਸ ਤਰ੍ਹਾਂ ਕਲਮਬੰਦ ਕਰਦਾ ਹਾਂ : ਤੁਹਾਡਾ ਏਕਤਾ ਦਾ ਵਿਚਾਰ ਨੇਕ ਹੈ ਅਤੇ ਕੋਸ਼ਿਸ਼ਾਂ ਵੀ ਈਮਾਨਦਾਰਾਨਾ ਹਨ, ਪਰ ਇਸ ਪ੍ਰਸਤਾਵ ਏਕਤਾ ਦੇ ਅਧਾਰ ਸੰਬੰਧੀ ਤੁਹਾਡੇ ਸੰਕਲਪ ਵਿਚ ਵੱਡੀ ਗੜਬੜ ਹੈ-ਜਿਹੜੀ, ਮੰਦੇ ਭਾਗਾਂ ਨੂੰ, ਤੁਹਾਡੇ ਸਮੁੱਚੇ ਯਤਨਾਂ ਉਤੇ ਕਾਲਖ਼ ਫੇਰਨ ਦਾ ਸਾਧਨ ਵੀ ਬਣ ਸ਼ਕਦੀ ਹੈ ।

ਇਥੇ ਇਸ ਆਮ ਮਾਰਕਸਵਾਦੀ ਸੱਚਾਈ ਨੂੰ ਦੁਹਰਾਉਣ ਦੀ ਬਹੁਤੀ ਲੋੜ ਨਹੀਂ ਕਿ ਸਿਰਫ ਦਰੁਸਤ ਵਿਚਾਰਧਾਰਕ ਤੇ ਸਿਆਸੀ ਅਧਾਰ 'ਤੇ ਹਾਸਲ ਕੀਤੀ ਏਕਤਾ ਹੀ ਪਰਭਾਵਕਾਰੀ ਤੇ ਹੰਡਣਸਾਰ ਹੋ ਸਕਦੀ ਹੈ । ਇਥੇ ਵਿਚਾਰਨ ਵਾਲਾ ਅਹਿਮ ਮਸਲਾ ਇਹ ਹੈ ਕਿ ਏਕਤਾ ਲਈ ਇਹ ਦਰੁਸਤ ਸਿਧਾਂਤਕ-ਸਿਆਸੀ ਅਧਾਰ ਕਿਵੇਂ ਤੇ ਕਿਥੋਂ ਮਿਥਿਆ ਜਾਵੇ ? ਮਾਰਕਸਵਾਦੀ ਵਿਗਿਆਨ ਇਸ ਸੁਆਲ ਦਾ ਜੁਆਬ ਬਹੁਤ ਸਪਸ਼ਟ ਤੇ ਦੋ-ਟੁਕ ਸ਼ਬਦਾਂ 'ਚ ਦਿੰਦਾ ਹੈ । ਸਾਡਾ ਇਨਕਲਾਬੀ ਏਕਤਾ ਦਾ ਉਦੇਸ਼ ਮੌਜੂਦਾ ਲੋਕ-ਦੁਸ਼ਮਣ ਸਟੇਟ ਨੂੰ ਉਲਟਾਉਣਾ ਹੈ-ਅਤੇ ਇਸ ਸਟੇਟ ਨੂੰ ਉਲਟਾਉਣ ਲਈ ਇਸ ਦੇ ਖਾਸੇ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ । ਇਸੇ ਗੱਲ ਨੇ ਸਾਡੀ ਸਿਆਸਤ ਦਾ ਧੁਰਾ, ਇਸ ਦੀ ਬੁਨਿਆਦ ਬਣਨਾ ਹੈ ।

ਤੁਹਾਡੀਆਂ ਲਿਖਤਾਂ ਚੋਂ ਇਸ਼ ਪੱਖ ਨੂੰ ਛੁਟਿਆਕੇ ਦੇਖਣ ਦੀ ਰੁਚੀ ਤੇ ਝਲਕ ਮਿਲਦੀ ਹੈ । ਇਹ ਰੁਚੀ ਇਸ ਤੋਂ ਸਿੱਧੇ ਰੂਪ 'ਚ ਮੁਨਕਰ ਹੋਣ ਦੇ ਰੂਪ 'ਚ ਨਹੀਂ ਸਗੋਂ ਇਸ ਦੇ ਅਤਿ ਲਰਜੇ ਦੇ ਸਰਲੀਕਰਨ ਦੇ ਰੂਪ 'ਚ ਪਰਗਟ ਹੁੰਦੀ ਹੈ । ਮਿਸਾਲ ਵਜੋਂ ਤੁਹਾਡੇ ਵੱਲੋਂ ਇਸ ਕੇਂਦਰੀ ਅਹਿਮੀਅਤ ਵਾਲੇ ਨੁਕਤੇ ਨੂੰ ਇਹ ਕਹਿਕੇ ਬੇ-ਗੌਲਿਆਂ ਕਰ ਦੇਣਾ ਕਿ ਮੌਜੂਦਾ ਸਟੇਟ ਕੁੱਝ ਵੀ ਹੋਣ, ਇਹ ਲੋਕ-ਪੱਖੀ ਤਾਂ ਹੈ ਨਹੀਂ । ਪੇਚੀਦਾ ਸਿਧਾਂਤਕ ਮਾਮਲਿਆਂ 'ਚ ਏਨੀ ਸਰਲ-ਬਿਆਨੀ ਨਾਲ ਕੰਮ ਨਹੀਂ ਚੱਲ ਸਕਦਾ । ਜੇ ਤੁਹਾਡੀ ਇਸ ਤਰਕ-ਵਿਧੀ ਨੂੰ ਪਰਵਾਨ ਕਰ ਲਿਆ ਜਾਵੇ ਤਾਂ ਸਿਆਸੀ ਲੀਹ ਘੜਨ ਦਾ ਮਸਲਾ ਬਹੁਤ ਹੀ ਸਰਲ ਹੋ ਕੇ ਰਹਿ ਜਾਂਦਾ ਹੈ । ਫਿਰ 'ਠੋਸ ਹਾਲਤਾਂ ਦੇ ਠੋਸ ਵਿਸ਼ਲੇਸ਼ਣ' ਦੀ ਲੈਨਿਨਵਾਦੀ ਧਾਰਨਾ ਦੀ ਕੋਈ ਬਹੁਤੀ ਅਹਿਮੀਅਤ ਨਹੀਂ ਰਹਿ ਜਾਂਦੀ। ਕਿਉਂ-ਕਿ ਸਿਰਫ਼ ਐਨੀ ਕੁ ਗੱਲ ਜਾਣਨ ਲਈ ਨਾਂ ਕਿਸੇ ਵਿਗਿਆਨਕ ਦੀ ਲੋੜ ਹੈ, ਨਾ ਤੀਖਣ-ਬੁੱਧੀ ਦੀ ਅਤੇ ਨਾ ਹੀ ਮਾਰਕਸਵਾਦੀ ਵਿਗਿਆਨ ਦੀ ਵਰਤੋਂ ਕਰਨ 'ਚ ਕਿਸੇ 'ਕਲਾ' ਜਾਂ 'ਹੁਨਰ' ਦੀ ਲੋੜ ਬਾਕੀ ਰਹਿ ਜਾਂਦੀ ਹੈ। 'ਠੋਸ ਵਿਸਲੇਸ਼ਣ ਤੋਂ ਭਾਵ ਸਿਰਫ਼ ਐਨਾ ਜਾਨ੍ਣਾ ਹੀ ਨਹੀਂ ਕਿ ਮੌਜੂਦਾ ਸਟੇਟ ਲੋਕ-ਪੱਖੀ ਨਹੀਂ ਹੈ,-ਸਗੋਂ ਇਸ ਦੇ ਜਮਾਤੀ ਖਾਸੇ ਨੂੰ ਵਧੇਰੇ ਵਿਸ਼ਾਲ ਤੇ ਡੂੰਘੇਰੇ ਅਰਥਾਂ 'ਚ ਜਾਨਣਾ ਹੈ । ਕਿਉਂ ? ਕਿਉਂਕਿ ਸਟੇਟ ਦੇ ਖ਼ਾਸੇ ਦੀ ਡੂੰਘੀ ਜਾਣਕਾਰੀ ਤੋਂ ਹੀ ਅਸੀਂ ਇਸਦੇ ਸਮੁੱਚੇ ਨੀਤੀ-ਨਿਰਣਿਆਂ ਤੇ ਅਮਲਾਂ ਦਾ ਥਹੁ ਪਾ ਸਕਾਂਗੇ ਅਤੇ ਇਸਨੂੰ ਉਲਟਾਉਣ ਲਈ ਪਰਭਾਵਕਾਰੀ ਯਤਨ ਜੁਟਾ ਸਕਾਂਗੇ । ਸਮਾਜੀ ਯਥਾਰਥ ਐਨਾ ਸਰਲ ਨਹੀਂ ਜਿਵੇਂ ਤੁਸੀਂ ਸਮਝ ਰਹੇ ਤੇ ਪੇਸ਼ ਕਰ ਰਹੇ ਹੋ । ਜੇ ਗੱਲ ਐਨੀ ਸਰਲ ਹੁੰਦੀ ਕਿ ਮੌਜੂਦਾ ਸਟੇਟ ਲੋਕ-ਦੁਸ਼ਮਣ ਹੈ ਅਤੇ ਅਸੀਂ ਸਾਰੇ ਮਿਹਨਤਕਸ਼ਾਂ ਨੂੰ ਜਥੇਬੰਦ ਕਰਕੇ ਇਸ ਨੂੰ ਉਲਟਾ ਦੇਣਾ ਹੈ, ਤਾਂ ਇਹ ਕਾਰਜ ਕਦੋਂ ਦਾ ਨੇਪਰੇ ਚੜ੍ਹ ਚੁੱਕਿਆ ਹੁੰਦਾ । ਕਮਿਊਨਿਸਟ ਲਹਿਰ ਨੇ ਕੁਰਬਾਨੀਆਂ ਦੇਣ ਤੇ ਸਖਤ ਘਾਲਣਾ ਘਾਲਣ 'ਚ ਕੋਈ ਕਸਰ ਨਹੀਂ ਛੱਡੀ

ਪਰ ਇਸਦੇ ਬਾਵਜੂਦ ਜੇ ਇਹ ਇੱਛਤ ਉਦੇਸ਼ ਹਾਸਲ ਨਹੀਂ ਕਰ ਸਕੀ ਤਾਂ ਗੜਬੜ ਇਸ ਵੱਲੋਂ ਅਪਣਾਈ ਸਿਧਾਂਤਕ-ਸਿਆਸੀ ਲੀਹ 'ਚ ਹੈ। ਸਮਾਜੀ ਯਥਾਰਥ ਦਾ ਠੀਕ ਰੁਖ ਥਹੁ ਨਾ ਪਾ ਸਕਣ ਸਦਕਾ ਹੀ ਪਹਿਲਕਦਮੀ ਸਾਡੇ ਹੱਥੋਂ ਤਿਲਕ ਜਾਂਦੀ ਰਹੀ ਹੈ। ਖੈਰ, ਬਹੁਤਾ ਵਿਸਥਾਰ 'ਚ ਨਾ ਜਾਂਦੇ ਹੋਏ ਐਨਾ ਕਹਿਣਾ ਹੀ ਕਾਫੀ ਹੈ ਕਿ ਮਾਰਕਸਵਾਦੀਆਂ ਲਈ ਸਟੇਟ ਦਾ ਸੁਆਲ ਕੇਂਦਰੀ ਹੈ ਅਤੇ ਇਹੋ ਸਾਡੀ ਸਿਆਸੀ ਲੀਹ ਦਾ ਧੁਰਾ ਹੈ। ਸਟੇਟ ਦੇ ਖਾਸੇ 'ਚੋਂ ਹੀ ਸਟੇਟ ਦੀਆਂ ਸਾਰੀਆਂ ਨੀਤੀਆਂ ਜਨਮ ਲੈਂਦੀਆਂ ਹਨ, ਜਿਹੜੀਆਂ ਸਮਾਜ ਦੀਆਂ ਵੱਖ-ਵੱਖ ਪਰਤਾਂ ਨੂੰ ਵੱਖ-ਵੱਖ ਰੂਪ 'ਚ ਪ੍ਰਭਾਵਤ ਕਰਦੀਆਂ ਹਨ। ਕਮਿਊਨਿਸਟਾਂ ਦੀ ਉਤਮਤਾ ਸਟੇਟ ਦੇ ਖਾਸੇ ਨੂੰ ਅਤੇ ਇਸਦੇ ਵੱਖ-ਵੱਖ ਸਮਾਜੀ ਵਰਗਾਂ/ਜਮਾਤਾਂ ਨਾਲ ਰਿਸ਼ਤੇ ਨੂੰ ਸਮਝਣ ਵਿਚ ਹੈ। ਸਟੇਟ ਦੀਆਂ ਨੀਤੀਆਂ ਤੇ ਅਮਲ, ਵੱਖ-ਵੱਖ ਵਰਗਾਂ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ, ਉਹਨਾਂ ਨੂੰ ਕਿਵੇਂ ਹਰਕਤ 'ਚ ਲਿਆਉਂਦੇ ਹਨ ਅਤੇ ਅਸੀਂ ਇਹਨਾਂ ਵਰਗਾਂ ਨਾਲ ਆਪਣਾ ਕਿਵੇਂ ਤੇ ਕੀ ਰਿਸ਼ਤਾ ਸਥਾਪਤ ਕਰਨਾ ਹੈ—ਇਹ ਸਾਰੇ ਸੁਆਲ ਅਤੀ ਅਹਿਮ ਹਨ। ਇਹਨਾਂ ਸੁਆਲਾਂ 'ਤੇ ਖਾਧਾ ਕੋਈ ਵੀ ਟਪਲਾ ਲਹਿਰ ਨੂੰ ਵੱਡੀ ਸੱਟ ਮਾਰਨ ਦਾ ਸਾਧਨ ਬਣ ਸਕਦਾ ਹੈ।

ਠੋਸ ਰੂਪ 'ਚ, ਸਾਡੇ ਸਮਝਣ ਵਾਲੀ ਪਹਿਲੀ ਗੱਲ ਤਾਂ ਇਹ ਹੈ ਕਿ ਮੌਜੂਦਾ ਭਾਰਤੀ ਸਟੇਟ ਦਾ ਜਮਾਤੀ ਖਾਸਾ ਕੀ ਹੈ? ਇਸਦਾ ਸਾਮਰਾਜੀ ਸਰਮਾਏ ਨਾਲ ਰਿਸ਼ਤਾ ਕੀ ਹੈ? ਤੁਸੀਂ ਕਹਿ ਸਕਦੇ ਹੋ ਕਿ ਇਹ ਸੁਆਲ ਮਹਿਜ਼ ਅਕਾਦਮਿਕ ਹਨ, ਇਹਨਾਂ ਦਾ ਅਮਲੀ ਲਹਿਰ ਨਾਲ ਕੀ ਸਰੋਕਾਰ ਹੈ! ਪਰ ਇਹ ਸੁਆਲ ਬਹੁਤ ਹੀ ਬੁਨਿਆਦੀ ਹੈ ਤੇ ਬਹੁਤ ਹੀ ਅਹਿਮ ਹੈ। ਭਲਾ ਕਿਵੇਂ? ਸਮਝ ਲਵੋ ਮਾਰਕਸਵਾਦੀਆਂ ਦਾ ਇਕ ਧੜਾ ਭਾਰਤੀ ਸਟੇਟ ਨੂੰ ਵੱਡੀ, ਦਲਾਲ ਸਰਮਾਏਦਾਰੀ ਦੀ ਨੁਮਾਇੰਦਾ ਨਹੀਂ ਸਮਝਦਾ, ਤਾਂ ਉਹ ਸੁਭਾਵਕ ਤੌਰ 'ਤੇ ਹੀ ਇਸਦੀ ਕੌਮੀ ਸਰਮਾਏਦਾਰੀ ਨਾਲ ਵਿਰੋਧਤਾਈ ਤੋਂ ਮੁਨਕਰ ਹੋਵੇਗਾ ਤੇ ਉਸਦੀ ਸਿਧਾਂਤਕ ਬਣਤਰ ਤੇ ਅਮਲੀ ਕਾਰਜ-ਵਿਉਂਤ ਅੰਦਰ, ਇਸ ਵਿਰੋਧਤਾਈ 'ਚੋਂ ਉਪਜੀ ਕਿਸੇ ਵੀ ਲਹਿਰ ਲਈ ਕੋਈ ਥਾਂ ਨਹੀਂ ਹੋਵੇਗੀ। ਉਸ ਦੀ ਸਿਆਸੀ ਨੀਤ, ਕੌਮੀ ਸਰਮਾਏਦਾਰੀ ਦੇ ਪ੍ਰਭਾਵ ਤੇ ਅਗਵਾਈ ਹੇਠ ਉਠੀ ਲਹਿਰ ਨੂੰ ਪਿਛਾਖੜੀ ਗਰਦਾਨੇਗੀ ਤੇ ਇਸਦੇ ਵਿਰੋਧ ਦਾ ਪੈਂਤੜਾ ਲਏਗੀ। ਤੁਹਾਨੂੰ ਇਹ ਸਪਸ਼ਟ ਕਰਕੇ ਤੁਰਨਾ ਪਵੇਗਾ ਕਿ 'ਇਨਕਲਾਬੀ ਏਕਤਾ ਕੇਂਦਰ' ਕੌਮੀ ਸਰਮਾਏਦਾਰੀ ਤੇ ਦਲਾਲ ਸਰਮਾਏਦਾਰੀ ਦੀ ਆਪਸੀ ਵਿਰੋਧਤਾਈ ਪ੍ਰਤੀ ਕੀ ਪੈਂਤੜਾ ਤੇ ਰੁਖ ਅਪਣਾਏਗਾ? ਕੀ ਇਸ ਨੂੰ ਲੋਟੂਆਂ ਦਾ ਆਪਸੀ ਕਲੇਸ਼ ਕਹਿਕੇ ਭੰਡੇਗਾ ਜਾਂ ਕੌਮੀ ਸਰਮਾਏਦਾਰੀ ਨੂੰ ਆਪਣੇ ਸੰਗੀਆਂ ਦੇ ਘੇਰੇ 'ਚ ਰੱਖੇਗਾ? ਜੇ 'ਏਕਤਾ ਕੇਂਦਰ' ਸਾਡੇ ਸਮਾਜ ਦੀ ਇਸ ਬਾਹਰਮੁਖੀ ਹਕੀਕਤ ਤੋਂ ਕਿਸੇ ਵੀ ਬਹਾਨੇ ਟਾਲਾ ਵੱਟਣ ਦੀ ਕੋਸ਼ਿਸ਼ ਕਰੇਗਾ ਅਤੇ ਕੌਮੀ ਸਰਮਾਏਦਾਰੀ ਦੀ ਵੱਡੀ, ਦਲਾਲ ਸਰਮਾਏਦਾਰੀ ਨਾਲ ਵਿਰੋਧਤਾਈ ਪ੍ਰਤੀ ਹਾਂ-ਪੱਖੀ ਤੇ ਉਸਾਰੂ ਰਵੱਈਆ ਅਖਤਿਆਰ ਨਹੀਂ ਕਰੇਗਾ, ਤਾਂ ਇਹ ਅਮਲੀ ਤੌਰ 'ਤੇ ਮਾਰਕਸਵਾਦ-ਲੈਨਿਨਵਾਦ-ਮਾਓ ਜ਼ੇ ਤੁੰਗ ਵਿਚਾਰਧਾਰਾ ਨੂੰ ਤਿਲਾਂਜਲੀ ਦੇਣੀ ਹੋਵੇਗੀ। ਇਹ ਮਾਓ ਜ਼ੇ ਤੁੰਗ ਦੇ ਨਵ-ਜਮਹੂਰੀਅਤ ਦੇ ਸਿਧਾਂਤ ਦੀ ਐਲਾਨੀਆ ਉਲੰਘਣਾ ਹੋਵੇਗੀ—ਜਿਹੜੀ, 'ਏਕਤਾ ਕੇਂਦਰ' ਦੀ ਇੱਛਾ ਦੇ ਉਲਟ, ਇਸ ਨੂੰ ਪਿਛਾਖੜੀ ਪੈਂਤੜੇ ਅਪਨਾਉਣ ਵੱਲ ਲੈ ਤੁਰੇਗੀ।

ਮੌਜੂਦਾ ਭਾਰਤੀ ਸਟੇਟ ਦੇ ਖਾਸੇ ਦੇ ਸੰਬੰਧ 'ਚ ਸਿਰਫ ਇਸਦੇ ਜਮਾਤੀ ਪੱਖ ਨੂੰ ਜਾਣ ਲੈਣਾ ਹੀ ਕਾਫੀ ਨਹੀਂ ਹੈ। ਸਾਰੇ ਮਾਰਕਸਵਾਦੀ ਇਹ ਗੱਲ ਮੰਨਦੇ ਹਨ ਕਿ ਭਾਰਤੀ ਸਮਾਜ ਦੀ ਇਕ ਅਹਿਮ ਵਿਲੱਖਣਤਾਈ ਇਸ ਅੰਦਰ ਸਦੀਆਂ ਤੋਂ ਪ੍ਰਚਲਤ ਜਾਤ-ਪਾਤੀ ਪ੍ਰਥਾ ਹੈ। ਸੁਭਾਵਕ ਤੌਰ 'ਤੇ, ਭਾਰਤੀ ਸਟੇਟ ਇਸ ਤੋਂ ਅਭਿੱਜ ਤੇ ਨਿਰਪੱਖ ਨਹੀਂ ਹੋ ਸਕਦੀ। ਸੋ, ਜੇਕਰ ਅਸੀਂ 'ਠੋਸ ਹਾਲਤਾਂ ਦੇ ਠੋਸ ਵਿਸ਼ਲੇਸ਼ਣ' ਦੀ ਲੈਨਿਨੀ ਧਾਰਨਾ ਪ੍ਰਤੀ ਸੱਚੇ ਰਹਿਣਾ ਹੈ, ਤਾਂ ਸਾਨੂੰ ਭਾਰਤੀ ਸਟੇਟ ਦੇ ਜਮਾਤੀ ਖਾਸੇ ਦੇ ਨਾਲ-ਨਾਲ ਹੀ, ਇਸ ਦੇ ਜ਼ਾਤੀ ਖਾਸੇ (Caste character) ਦੀ ਵੀ ਨਿਸ਼ਾਨਦੇਹੀ ਕਰਕੇ ਤੁਰਨਾ ਪਵੇਗਾ। ਜੇ ਭਾਰਤੀ ਸਮਾਜ ਦੀ ਇਹ ਵਿਲੱਖਣਤਾਈ ਸਾਡੇ ਵਿਸ਼ਲੇਸ਼ਣ ਦਾ ਅੰਗ ਨਹੀਂ ਬਣਦੀ, ਤਾਂ ਇਸੇ ਵਿਲੱਖਣਤਾਈ ਨੂੰ ਪਰਵਾਨ ਕਰਨ ਦੀ ਗੱਲ ਮਹਿਜ਼ ਰਸਮੀ ਹੈ। ਫਿਰ ਭਾਰਤੀ, ਈਰਾਨੀ ਜਾਂ ਈਥੋਪੀਆਈ ਸਮਾਜ 'ਚ ਕੋਈ ਵਖਰੇਵਾਂ ਨਹੀਂ ਰਹਿ ਜਾਂਦਾ ਤੇ ਇਹਨਾਂ ਦੇ ਠੋਸ ਵਿਸ਼ਲੇਸ਼ਣ ਦੀ ਕੋਈ ਅਮਲੀ ਮਹੱਤਤਾ ਨਹੀਂ ਰਹਿ ਜਾਂਦੀ। ਸੋ 'ਏਕਤਾ ਕੇਂਦਰ' ਨੂੰ ਇਹ ਸਪਸ਼ਟ ਕਰਕੇ ਤੁਰਨਾ ਪਵੇਗਾ ਕਿ ਉਹ ਮੌਜੂਦਾ ਭਾਰਤੀ ਸਟੇਟ ਦਾ ਜ਼ਾਤੀ ਖਾਸਾ ਵੀ ਸਮਝਦਾ ਹੈ? ਜੇ ਤਾਂ 'ਏਕਤਾ ਕੇਂਦਰ' ਇਸ ਨੂੰ ਜ਼ਾਤ-ਨਿਰਪੱਖ ਸਮਝਦਾ ਹੈ ਤਾਂ ਇਸ ਦੀ ਸਿਆਸੀ ਲੀਹ ਅੰਦਰ, ਦਲਿਤਾਂ ਤੇ ਧਾਰਮਿਕ ਘੱਟ ਗਿਣਤੀਆਂ ਦੇ ਵਿਰੋਧ ਤੇ ਲਹਿਰ ਲਈ ਕੋਈ ਥਾਂ ਨਹੀਂ ਰਹਿੰਦੀ। ਫਿਰ 'ਏਕਤਾ

ਕੇਂਦਰ' ਭਾਰਤ ਦੀਆਂ ਸਮਾਜੀ ਹਾਲਤਾਂ ਤੋਂ ਬੇਮੁੱਖ ਹੋ ਕੇ, ਇਹਨਾਂ ਸਮਾਜੀ ਲਹਿਰਾਂ ਪ੍ਰਤੀ ਨਕਾਰੀ ਤੇ ਤਿਰਸਕਾਰੀ ਪਹੁੰਚ ਅਪਣਾਕੇ ਚੱਲੇਗਾ। ਜੇਕਰ 'ਏਕਤਾ ਕੇਂਦਰ' ਭਾਰਤੀ ਸਟੇਟ ਦੇ ਵਿਚਾਰਧਾਰਕ ਤੇ ਪਦਾਰਥਕ ਤੌਰ 'ਤੇ ਬ੍ਰਾਹਮਣਵਾਦ ਨਾਲ ਸਬੰਧਾਂ ਨੂੰ ਠੀਕ ਰੁਖ 'ਚ ਟਿੱਕ ਸਕਣ 'ਚ ਸਫਲ ਹੁੰਦਾ ਹੈ, ਤਾਂ ਉਸਨੂੰ ਇਸ ਫਿਰਕਾਪ੍ਰਸਤ ਜਾਤ ਪ੍ਰਸਤ ਸਟੇਟ ਦੇ ਦਾਬੇ, ਵਿਤਕਰੇ ਤੇ ਦੁਸ਼ਮਣੀ ਦੇ ਸ਼ਿਕਾਰ ਦਲਿੱਤਾਂ ਤੇ ਧਾਰਮਿਕ ਘੱਟ-ਗਿਣਤੀਆਂ ਨੂੰ ਆਪਣੇ ਸੰਗੀਆਂ ਦੇ ਘੇਰੇ 'ਚ ਰੱਖਣਾ ਪਵੇਗਾ।—ਅਤੇ ਇਹ ਸੁਆਲ ਕਿਸੇ ਵੀ ਤਰ੍ਹਾਂ ਮਹਿਜ਼ ਅਕਾਦਮਿਕ ਬਹਿਸ ਦਾ ਵਿਸ਼ਾ ਨਹੀਂ ਹਨ, ਸਗੋਂ ਇਹਨਾਂ ਦਾ ਅਜੋਕੇ ਸਮਾਜੀ ਯਥਾਰਥ ਨਾਲ ਬਹੁਤ ਹੀ ਡੂੰਘਾ ਤੇ ਬਹੁਤ ਹੀ ਅਹਿਮ ਰਿਸ਼ਤਾ ਹੈ। ਇਹ ਸੁਆਲ ਮਹਿਜ਼ ਕਿਸੇ ਦੇ ਦਿਮਾਗ ਦੀ ਉਪਜ ਨਹੀਂ, ਸਗੋਂ ਹਰ ਰੋਜ਼, ਭਾਰਤ ਦੇ ਕੋਨੇ ਕੋਨੇ ਅੰਦਰ, ਲਹੂ ਨਾਲ ਉੱਕਰੇ ਜਾ ਰਹੇ ਹਨ। ਅਤੇ ਇਹ ਲਹੂ, ਸਾਡੇ ਕੋਲੋਂ, ਨਵੇਂ ਤੇ ਖਰੇ ਜੁਆਬਾਂ ਦੀ ਮੰਗ ਕਰਦਾ ਹੈ। ਪੁਰਾਣੇ ਘਸੇ ਪਿਟੇ ਫਾਰਮੂਲੇ, ਬਹੁਤ ਹੀ ਬੇਤੁਕੇ ਤੇ ਫਜ਼ੂਲ ਬਣਕੇ ਰਹਿ ਗਏ ਹਨ।

ਸੋ, ਇਸ ਪਰਸੰਗ 'ਚ ਦੇਖਿਆਂ, ਤੁਹਾਡੇ ਵੱਲੋਂ ਅਰੰਭੇ ਏਕਤਾ ਦੇ ਯਤਨ ਸਿਰਫ ਤਾਂ ਹੀ ਅਰਥ-ਭਰਪੂਰ ਤੇ ਸਫਲ ਹੋ ਸਕਣਗੇ ਜੇ ਤੁਸੀਂ ਉਪਰ ਬਿਆਨੇ ਦੋ ਬੁਨਿਆਦੀ ਸੁਆਲਾਂ ਨੂੰ ਬਹਿਸ ਹੇਠ ਲਿਆਕੇ, ਇਹਨਾਂ ਦਾ ਸਹੀ ਨਿਤਾਰਾ ਕਰ ਸਕੋ। ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਤੁਹਾਡਾ ਸੁਹਿਰਦ, ਪਰ ਭਾਵੁਕ ਹੰਭਲਾ ਸਮਾਜੀ ਹਕੀਕਤ ਦੀ ਚਟਾਨ ਮੂਹਰੇ ਬੇਹਿੱਸ ਹੋ ਕੇ ਰਹਿ ਜਾਏਗਾ। ਜੇ ਤੁਸੀਂ ਪੰਜਾਬ ਦੀ ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਇਹਨਾਂ ਦੋ ਅਹਿਮ ਸਿਧਾਂਤਕ ਨੁਕਤਿਆਂ ਉਤੇ ਗੰਭੀਰ ਤੇ ਅਰਥ ਭਰਪੂਰ ਬਹਿਸ ਛੇੜਨ ਤੇ ਇਸਦਾ ਨਿਪਟਾਰਾ ਕਰਨ 'ਚ ਸਫਲ ਹੋ ਸਕੋ ਤਾਂ ਇਹ ਇਕ ਬਹੁਤ ਵੱਡਾ ਚਮਤਕਾਰ ਹੋਵੇਗਾ। ਸੰਜੀਦਾ ਬਹਿਸ ਹੀ ਫਜ਼ੂਲ ਦੇ ਤੁਅੱਸਬਾਂ ਤੇ ਤੰਗਨਜ਼ਰ ਪਹੁੰਚਾਂ ਦਾ ਮਲੀਆਮੇਟ ਕਰ ਸਕਦੀ ਹੈ। ਮਹਿਜ਼ ਅੰਤਰਮੁਖੀ ਇੱਛਾ ਤੇ ਇਰਾਦਾ ਨਾ ਹੁਣ ਤੱਕ ਕੁੱਛ ਖੱਟ ਸਕਿਆ ਹੈ ਤੇ ਨਾ ਭਵਿੱਖ 'ਚ ਕੁੱਛ ਖੱਟ ਸਕੇਗਾ। ਜੇ ਤੁਸੀਂ 9 ਨਵੰਬਰ ਦੇ ਸੰਮੇਲਨ ਉਤੇ ਇਹ ਬਹਿਸ ਤੋਰਨ ਤੇ ਨਿਭਾਉਣ 'ਚ ਸਫਲ ਹੋ ਸਕੋ ਤਾਂ, ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ 9 ਨਵੰਬਰ ਦਾ ਦਿਨ ਵਾਕਿਆ ਹੀ ਪੰਜਾਬ ਦੀ ਇਨ: ਲਹਿਰ ਅੰਦਰ ਇਕ ਮੀਲ-ਪੱਥਰ ਹੋ ਗੁਜ਼ਰੇਗਾ। ਪਰ ਜੇ ਅਜਿਹਾ ਨਹੀਂ ਕੀਤਾ ਜਾਂਦਾ, ਅਤੇ ਸੰਜੀਦਾ ਸਿਧਾਂਤਕ ਸੋਚ-ਵਿਚਾਰ ਦੀ ਜਗ੍ਹਾ ਭਾਵੁਕ ਅਪੀਲਾਂ ਦੀ ਰੱਟ ਹੀ ਲਾਈ ਜਾਂਦੀ ਹੈ ਤਾਂ ਫਿਰ ਓਨੇ ਹੀ ਦਾਅਵੇ ਥੋਥੇ ਸਾਬਤ ਹੋਣਗੇ।

**2.** ਭਾਅ ਜੀ—ਨਿੱਘੀ ਯਾਦ-ਪੁੱਜੇ !

'ਸਮਤਾ' ਵਿਚ ਨਕਸਲੀ ਗਰੁੱਪਾਂ ਨੂੰ ਤੁਹਾਡੇ ਵੱਲੋਂ ਲਿਖੀ ਖੁੱਲ੍ਹੀ ਚਿੱਠੀ ਦਾ ਮਿਲਿਆ-ਜੁਲਿਆ ਪ੍ਰਤੀਕਰਮ ਹੋਇਆ ਹੈ। ਫਿਰ ਵੀ ਤੁਹਾਡੇ ਇਸ ਉਠਾਏ ਗਏ ਕਦਮ ਦਾ ਹਰ ਪਾਸਿਓਂ ਸਵਾਗਤ ਹੋਇਆ ਹੈ। ਖਾਸ ਕਰਕੇ ਨਕਸਲੀ-ਕਾਡਰ, ਨਕਸਲੀ ਹਮਦਰਦਾਂ ਤਾਂ ਬਹੁਤ ਹੀ ਇਸ ਗੱਲ ਦੀ ਖੁਸ਼ੀ ਮਨਾਈ ਹੈ। ਗਰੁਪਇਜ਼ਮ ਦੀ ਸਿਆਸਤ ਨਾਲ ਉਪਰੋਕਤ ਕਾਰਕੁਨਾਂ ਵਿਚ ਬੇਹੱਦ ਨਿਰਾਸ਼ਤਾ ਆ ਗਈ ਸੀ। ਮੈਂ ਖੁਦ ਬਹੁਤ ਸਾਰੇ ਸੁਹਿਰਦ ਕਾਡਰ ਅਤੇ ਹਮਦਰਦਾਂ ਨਾਲ ਜਲੰਧਰ ਵਿਚ ਏਕੇ ਲਈ ਕੀਤੀ ਜਾ ਰਹੀ ਕਨਵੈਨਸ਼ਨ ਪ੍ਰਤੀ ਗੱਲ ਕਰਕੇ ਦੇਖੀ ਹੈ। ਹਰੇਕ ਨੇ ਇਸ ਕਨਵੈਨਸ਼ਨ ਨੂੰ ਜੀ ਆਇਆਂ ਕਿਹਾ ਹੈ ਅਤੇ ਦੁਆ ਕੀਤੀ ਹੈ ਕਿ ਇਸ ਕਨਵੈਨਸ਼ਨ ਦੇ ਸਿੱਟੇ ਠੀਕ ਨਿਕਲਣ ਬਾਰੇ। ਉਂਝ ਕੁਝ ਨਿਰਾਸ਼ ਕਾਰਕੁਨਾਂ ਵੱਲੋਂ ਇਹ ਖਦਸ਼ਾ ਵੀ ਪ੍ਰਗਟਾਇਆ ਗਿਆ ਹੈ ਕਿ ਇਹ ਕਨਵੈਨਸ਼ਨ ਕਿਸੇ ਵੀ ਸਿੱਟੇ ਤੇ ਪਹੁੰਚ ਸਕੇਗੀ, ਕਿਉਂਕਿ ਉਹ ਇਲਜ਼ਾਮ ਲਾਉਂਦੇ ਹਨ—ਨਕਸਲੀਆਂ ਦੇ ਬਹੁਤ ਗਰੁੱਪ ਖੁਦਗਰਜ਼ ਹਨ, ਗਰੁੱਪਾਂ ਦੇ ਸਰਪ੍ਰਸਤ ਲੀਡਰੀਆਂ ਦੇ ਭੁੱਖੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਇਹਨਾਂ ਗਰੁੱਪਾਂ ਦੀ ਲੀਡਰਸ਼ਿੱਪ ਮੱਧ-ਵਰਗ ਦੇ ਅਖੌਤੀ ਬੁੱਧੀ ਨਮਾ ਆਦਮੀਆਂ ਕੋਲ ਹੈ। ਅਮਲੀ ਲੜਾਈ ਦੀ ਬਜਾਏ ਇਹ ਲੀਡਰ ਸਿਧਾਂਤਕ ਲੜਾਈ ਵਧੇਰੇ ਦਿੰਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਕਈ ਗਰੁੱਪਾਂ ਦੇ ਲੀਡਰ ਜਦੋਂ ਕਦੀ ਸਿਧਾਂਤਕ ਗੱਲ ਕਰਦੇ ਹਨ ਤਾਂ ਉਹ ਵਿਰੋਧੀ ਗਰੁੱਪਾਂ ਦੇ ਲੀਡਰਾਂ ਤੇ ਚਿੱਕੜ ਉਛਾਲੀ ਜਾਂ ਨਿੱਜੀ ਤੁਹਮਤਬਾਜ਼ੀ ਦੇ ਕੋਝੇ ਹਮਲੇ ਅਰੰਭ ਕਰ ਦਿੰਦੇ ਹਨ।

ਨਕਸਲੀਆਂ ਦੇ ਕਾਡਰ ਅਤੇ ਹਮਦਰਦਾਂ ਦੇ ਗਿਲੇ ਜਾਇਜ਼ ਹਨ। ਸੋ ਮੈਂ ਆਸ ਕਰਦਾ ਹਾਂ ਕਿ ਇਹ ਹੋ ਰਹੀ ਕਨਵੈਨਸ਼ਨ ਨਕਸਲੀਆਂ ਦੇ ਏਕੇ ਲਈ ਸਹਾਈ ਸਿੱਧ ਹੋਵੇਗੀ। ਏਕੇ ਦੀ ਗੱਲ ਤਾਂ ਤੁਰੀ ਹੈ। ਅੱਜ ਨਹੀਂ ਤਾਂ ਕੱਲ੍ਹ, ਕੱਲ੍ਹ ਨਹੀਂ ਤਾਂ ਪਰਸੋਂ ਏਕਾ ਜ਼ਰੂਰ ਹੋਵੇਗਾ—ਇਹ ਕਨਵੈਨਸ਼ਨ ਏਕੇ ਲਈ ਰਾਹ ਖੋਲ੍ਹੇਗੀ। ਸੋ ਸਾਥੀਓ ! ਅੱਜ ਗੁਰਸ਼ਰਨ ਸਿੰਘ ਵਾਂਗ ਸਭ ਨੂੰ ਗੰਭੀਰ ਹੋਣ ਦੀ ਜ਼ਰੂਰਤ ਹੈ। ਅੱਜ ਦੀ ਇਤਿਹਾਸਕ ਲੋੜ ਏਕਾ ਹੈ—ਏਕੇ ਤੋਂ ਭੱਜਣਾ ਲੋਕਾਂ ਤੋਂ ਬੇਦਾਵਾ ਲੈਣਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਿਧਾਂਤ ਨੂੰ ਛੱਡ ਕੇ ਅਮਲ ਵੱਲ ਆਓ। ਪਰ ਘੱਟੋ ਘੱਟ ਕਿਸੇ ਪ੍ਰੋਗਰਾਮ ਤਹਿਤ ਏਕਾ ਕਰਕੇ ਅਮਲ 'ਚ ਪੈਣਾ ਅੱਜ ਸਮੇਂ ਦੀ ਮੁੱਖ ਲੋੜ ਹੈ। ਗਰੁੱਪ ਅੰਦਰ ਸਿਧਾਂਤਕ ਲੜਾਈ ਜਾਰੀ ਰਹਿਣੀ ਚਾਹੀਦੀ ਹੈ। ਦਰਅਸਲ ਅਮਲ 'ਚ ਪਏ ਬਾਝੋਂ ਸਿਧਾਂਤ ਨੇ ਸੋਚ

ਨਹੀਂ ਬਣਨਾ ।

ਹੁਣ ਕੋਈ ਕੀ ਦੱਸੇ—ਕੌਣ ਠੀਕ ਹੈ ਕੌਣ ਗ਼ਲਤ.? ਕਿਸੇ ਦੀ ਝੋਲੀ ਵਿਚ ਦਾਣਿਆਂ ਦੀ ਮੁੱਠ ਵੀ ਨਹੀਂ । ਝੋਲੀ ਦੇ ਦਾਣਿਆਂ ਨੇ ਹੀ ਨਿਬੇੜਾ ਕਰਨਾ ਹੈ । ਫ਼ਿਲਹਾਲ ਕਾਡਰ ਅਤੇ ਨੈਕਸਲੀ ਹਮਦਰਦਾਂ ਨੂੰ ਕਿਸੇ ਗਰੁੱਪ ਦਾ ਕੋਈ ਸਾਰਥਕ ਕੰਮ ਦਿੱਸਦਾ ਨਹੀਂ—ਉਹ ਕੀਹਦੀ ਝੋਲੀ ਦੇ ਦਾਣੇ ਬਣਨ ? ਸੋ ਅੱਜ ਸਾਨੂੰ ਆਪਣੀ ਸੌੜੀ ਸਿਆਸਤ ਹਉਮੈਵਾਦੀ ਪਹੁੰਚ ਨੂੰ ਤਿਲਾਂਜਲੀ ਦੇ ਕੇ ਏਕੇ ਵੱਲ ਜਤਨਸ਼ੀਲ ਹੋਣਾ ਚਾਹੀਦਾ ਹੈ ।

**ਸੁਰਜੀਤ ਬਰਾੜ** (ਘੋਲੀਆ ਕਲਾਂ)

**3.** ਸਾਥੀ ਗੁਰਸ਼ਰਨ ਸਿੰਘ ਜੀ ਵਲ ਇਨਕਲਾਬੀ ਕੇਂਦਰ ਦੀ ਉਸਾਰੀ ਬਾਰੇ ਲਿਖੀ ਚਿੱਠੀ ਉਤੇ ਵਿਚਾਰ—

ਵਿਚਾਰ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਆਪਣੀ ਜਾਣ-ਪਛਾਣ ਕਰਵਾਉਣਾ ਉਚਿਤ ਸਮਝਦਾ ਹਾਂ :—ਮੈਂ ਕਾਮਰੇਡ ਪਾਲ ਸਿੰਘ ਹਾਂ। 1936 ਵਿਚ ਮੈਂ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਿਆ । 1947 ਵਿਚ ਦੋ ਪਾਰਟੀਆਂ ਬਣ ਗਈਆਂ, ਚਿੱਟੀ ਪਾਰਟੀ ਅਤੇ ਲਾਲ ਪਾਰਟੀ । ਮੈਂ ਚਿੱਟੀ ਪਾਰਟੀ ਵਿਚ ਰਿਹਾ, ਕਿਉਂਕਿ ਮੈਂ ਸਮਝਿਆ ਕਿ ਇਹ ਰਵਾਂ ਪਾਰਟੀ ਹੈ । ਪਰ ਬਾਦ ਦੇ ਤਜਰਬੇ ਤੋਂ ਮੈਨੂੰ ਪਤਾ ਲੱਗਾ ਕਿ ਮੈਂ ਗਲਤੀ ਕੀਤੀ ਹੈ ਕਿ ਚਿੱਟੀ ਪਾਰਟੀ ਦਾ ਕਿਰਦਾਰ ਸਰਕਾਰ ਨਾਲ ਰਲ ਕੇ ਚਲਣ ਵਾਲਾ ਰਿਹਾ । 1964 ਵਿਚ ਫੇਰ ਪਾਰਟੀ ਦਾ ਵਿਭਾਜ ਹੋਇਆ, ਮੈਂ, ਸੀ. ਪੀ. ਆਈ. ਨੂੰ ਚੀਨ ਨਾਲ 1962 ਵਿਚ ਲੜਾਈ ਦੇ ਮਸਲੇ ਉਤੇ ਸਰਕਾਰ ਨਾਲ ਰਲ ਕੇ ਚਲਣ ਵਾਲਾ ਸਟੈਂਡ ਲੈਂਦਿਆਂ ਵੇਖ ਕੇ, ਮਾਰਕਸੀ ਪਾਰਟੀ ਵਿਚ ਸ਼ਾਮਲ ਹੋ ਗਿਆ । ਪਰ ਮੈਨੂੰ ਉਸ ਦੇ ਤੌਰਾਂ ਤੋਂ ਛੇਤੀ ਪਤਾ ਲਗ ਗਿਆ ਕਿ ਉਹ ਪਾਰਟੀ ਅਪਣਾ ਇਨਕਲਾਬੀ ਖਾਸਾ ਜੇਲ੍ਹ ਵਿਚ ਹੀ ਛੱਡ ਆਈ ਹੈ ਅਤੇ ਬੰਗਾਲ ਵਿਚ ਨੈਕਸਲਬਾੜੀ ਨੂੰ ਕੁਚਲਨ ਤੋਂ ਬਣਾ ਕੇ ਸਿਧ ਹੋ ਗਿਆ ਕਿ ਓਹ ਪਾਰਟੀ ਸਰਕਾਰ ਨਾਲ ਰਲਕੇ ਚਲ ਰਹੀ ਹੈ । ਇਸ ਤੇ ਮੇਰਾ ਝੁਕਾ ਨੈਕਸਲਬਾੜੀ ਲਹਿਰ ਵਲ ਹੋ ਗਿਆ, ਜਿਸ ਕਰਕੇ ਮੈਨੂੰ ਮਾਰਕਸੀ ਪਾਰਟੀ ਵਿਚੋਂ ਕਢ ਦਿੱਤਾ ਗਿਆ । 1973 ਵਿਚ ਮੈਂ ਥੀਸਿਸ ਲਿਖਿਆ ਜਿਸ ਵਿਚ ਮੈਂ ਦਸਿਆ ਕਿ ਹਿੰਦੋਸਤਾਨ ਵਿਚ ਇਨਕਲਾਬ ਲਿਆਉਣ ਵਾਸਤੇ ਇਸ ਦਾ ਇਹ ਪੱਖ ਗਿਣਤੀ ਵਿਚ ਲਿਆਉਣਾ ਅਵਸ਼ਕ ਹੈ, ਕਿ ਇਹ ਬਹੁ ਕੌਮੀ ਦੇਸ਼ ਹੈ । ਵਖਰੀਆਂ ਵਖਰੀਆਂ ਕੌਮਾਂ ਅਤੇ ਸੂਬਿਆਂ ਵਿਚ ਸਿਆਸੀ ਆਰਥਕ ਹਾਲਾਤ ਵਖਰੇ ਵਖਰੇ ਹਨ, ਸਭਿਆਚਾਰ ਵਖਰੇ ਵਖਰੇ ਹਨ ਅਤੇ ਉਹਨਾਂ ਦੇ ਮਸਲੇ ਵੀ ਵਖਰੇ ਵਖਰੇ ਹਨ, ਜਿਸ ਤਰ੍ਹਾਂ ਪੰਜਾਬ, ਆਸਾਮ, ਮੀਜ਼ੋਰਮ, ਆਂਧਰਾ ਆਦਿ । ਤੇ ਵਖਰੇ ਵਖਰੇ ਥਾਵਾਂ ਦੇ ਮਸਲੇ ਨੂੰ ਲੈ ਕੇ ਓਥੋਂ ਦੇ ਲੋਕਾਂ ਨੂੰ ਇਨਕਲਾਬ ਨਾਲ ਜੋੜ ਕੇ ਤਾਕਤ ਬਨਾਉਣੀ ਚਾਹੀਦੀ ਹੈ ਤੇ ਸੈਂਟਰ ਵਿਚ ਇਕ ਕੇਂਦਰ ਭਾਵ ਕੁਆਰਡੀਨੇਟਿੰਗ ਕਮੇਟੀ ਸਾਰੀਆਂ ਭਾਰਤ ਦੀ ਵੱਖ ਵੱਖ ਤਾਕਤਾਂ ਨੂੰ ਜੋੜ ਕੇ ਇਨਕਲਾਬ ਨੂੰ ਸਿਰੇ ਚੜ੍ਹਾਵੇ । 1974 ਵਿਚ ਮੈਂ ਇਕ ਹੋਰ ਥੀਸਿਸ ਲਿਖਿਆ ਜਿਸ ਵਿਚ ਮੈਂ ਇਹ ਦਸਿਆ ਕਿ ਨੈਕਸਲਬਾੜੀ ਇਨਕਲਾਬ ਕਿਉਂ ਫੇਲ ਹੋਇਆ । 1975 ਵਿਚ ਮੈਂ ਅੰਗਰੇਜ਼ੀ ਵਿਚ ਇਕ ਕਿਤਾਬ ਲਿਖੀ,'Charu speaks to S N Singh', ਇਸ ਕਿਤਾਬ ਵਿਚ ਮੈਂ ਐਸ. ਐਨ. ਸਿੰਘ ਦੇ ਪ੍ਰੋਗਰਾਮ ਜਿਹੜਾ ਉਸ ਨੇ ਚਾਰੂ ਮਾਜੂਮਦਾਰ ਦੇ ਉਲਟ ਬਣਾਇਆ ਸੀ ਉਸ ਦੇ ਖੋਖਲੇਪਨ ਨੂੰ ਨੰਗਿਆਂ ਕੀਤਾ । ਹੋਰ ਵੀ ਕਈ ਕਿਤਾਬਚੇ ਲਿਖੇ ਹਨ । ਇਸ ਤੋਂ ਇਲਾਵਾ 1973 ਤੋਂ ਲੈਕੇ ਇਕ ਮਾਸਕ ਪੰਜਾਬੀ ਰਸਾਲਾ 'ਪੰਜਾਬੀ ਕੌਮ' ਕਢ ਰਿਹਾ ਹਾਂ ਜਿਸ ਵਿਚ ਮਾਰਕਸੀ ਦ੍ਰਿਸ਼ਟੀਕੋਨ ਤੋਂ ਪ੍ਰਚਲਤ ਮਸਲਿਆਂ ਉਤੇ ਆਪਣੀ ਸਮਝ ਤੇ ਸ਼ਕਤੀ ਮੁਤਾਬਕ ਲਿਖਦਾ ਹਾਂ ਅਤੇ ਇਨਕਲਾਬ ਨੂੰ ਅੱਗੇ ਖੜਨਾ ਮੇਰਾ ਉਦੇਸ਼ ਤੇ ਮੇਰੀ ਪਹਿਲੀ ਪ੍ਰਾਥਮਿਕਤਾ ਹੈ ।

ਹੁਣ ਅਸੀਂ ਸਾਥੀ ਗੁਰਸ਼ਰਨ ਸਿੰਘ ਜੀ ਦੇ ਇਨਕਲਾਬੀ ਕੇਂਦਰ ਬਾਰੇ ਵਿਚਾਰ ਕਰਦੇ ਹਾਂ। ਸਾਥੀ ਨੇ ਅਪਣੀ ਖੁੱਲੀ ਚਿੱਠੀ ਵਿਚ ਆਖਿਆ ਹੈ ਕਿ ਨੈਕਸਲਬਾੜੀ ਵਾਲੇ ਸਾਥੀ ਵਖ ਵਖ ਗਰੁੱਪਾਂ ਵਿਚ ਵੰਡੇ ਹੋਏ ਹਨ ਅਤੇ ਵੱਖਰੇ ਵੱਖਰੇ ਕੰਮ ਕਰਦੇ ਹਨ, ਇਸ ਤਰਾਂ ਕੋਈ ਖਾਤ੍ਰਖਾਹ ਪ੍ਰਾਪਤੀਆਂ ਨਹੀਂ ਹੋ ਸਕਦੀਆਂ । ਸਾਨੂੰ ਸਾਰਿਆਂ ਨੂੰ ਇਕ ਥਾਂ ਇਕੱਠੇ ਹੋ ਕੇ ਸਾਰੀ ਸ਼ਕਤੀ ਇਕ ਥਾਂ ਇਕੱਠੀ ਕਰਨੀ ਚਾਹੀਦੀ ਹੈ ਤੇ ਇਸ ਤਰ੍ਹਾਂ ਪ੍ਰਾਪਤੀਆਂ ਯਕੀਨੀ ਬਣ ਜਾਂਦੀਆਂ ਹਨ । ਇਸ ਲਈ ਸਾਰੇ ਗਰੁੱਪਾਂ ਨੂੰ ਇਕੱਠੇ ਹੋ ਕੇ ਇਕ ਕੇਂਦਰ ਸੰਥਾਪਤ ਕਰਨਾ ਚਾਹੀਦਾ ਹੈ ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਕੱਠ ਨਾਲ ਤਾਕਤ ਜ਼ਰੂਰ ਵਧਦੀ ਹੈ । ਸਾਧਾਰਨ ਤੋਂ ਸਾਧਾਰਨ ਆਦਮੀ ਵੀ ਇਹ ਸੱਚ ਜਾਣਦਾ ਹੈ ਕਿ ਇਕ ਇਕੱਲਾ ਤੇ ਦੋ ਯਾਰਾਂ ਹੋ ਜਾਂਦੇ ਹਨ ਅਤੇ ਇਹ ਵੀ ਓਡਾ ਹੀ ਸੱਚ ਹੈ ਕਿ ਵੱਡੀ ਤਾਕਤ ਨਾਲ ਵੱਡੀਆਂ ਪ੍ਰਾਪਤੀਆਂ ਹੁੰਦੀਆਂ ਹਨ ਤੇ ਯਕੀਨੀ ਵੀ ਹੁੰਦੀਆਂ ਹਨ ਅਤੇ ਸੋ ਕੇਂਦਰ ਇਕ ਮਸਟ ਹੈ ।

ਅੱਗੇ ਸਾਥੀ ਨੇ ਇਕ ਹੋਰ ਸੱਚ ਦਸਿਆ ਹੈ ਕਿ ਨੈਕਸਲਬਾੜੀਆਂ ਨੇ ਇਕ ਕੇਂਦਰ ਨਾ ਉਸਾਰ ਸਕਣ ਦੀ ਅਯੋਗਤਾ ਦੇ ਪੇਸ਼ੇ-ਨਜ਼ਰ ਗਰੁੱਪ ਸਿਆਸਤ ਨੂੰ ਸਮੇਂ ਦੀ ਲੋੜ ਆਖ ਕੇ ਇਸ ਫੁਟ ਦੀ ਸਿਆਸਤ ਨੂੰ ਸਿਧਾਂਤ ਦਾ

ਦਰਜਾ ਦੇ ਦਿਤਾ। ਸਾਡੇ ਖਿਆਲ ਵਿਚ ਗਰੁਪ ਸਿਆਸਤ ਨੂੰ ਸਿਧਾਂਤ ਦਾ ਦਰਜਾ ਦੇਣਾ ਸਿਰੇ ਦਾ ਅਨਜਾਣ ਪੁਣਾ ਅਤੇ ਬੇਸਮਝੀ ਹੈ। ਆਪਣੇ ਨਾਲ ਧੋਖਾ ਹੈ, ਲੋਕਾਂ ਨਾਲ ਧੋਖਾ ਹੈ, ਇਨਸਾਨ ਨਾਲ ਧੋਖਾ ਹੈ। ਜਿਥੇ ਗਰੁਪ ਸਿਆਸਤ ਨੂੰ ਸਿਧਾਂਤ ਦਾ ਦਰਜਾ ਦੇਣ ਵਿਚ ਬੇਸਮਝੀ ਕਾਰਨ ਨਹੀਂ ਬਣੀ ਉਥੇ ਬੇਈਮਾਨੀ ਕਾਰਨ ਬਣੀ। ਇਸ ਫੁਟ ਵਾਲੀ ਸਿਆਸਤ ਨੂੰ ਸਿਧਾਂਤ ਦਾ ਦਰਜਾ ਦੇਣਾ ਹਰ ਹਾਲਤ ਵਿਚ ਤਬਾਹੀ ਕਰੂ ਧਾਰਨਾ ਹੈ। ਇਨਕਲਾਬ ਦੇ ਹਿਤਾਂ ਦੇ ਪੇਸ਼ੇ ਨਜ਼ਰ ਪੰਜਾਬ ਵਿਚ (ਤੇ ਹੋਰ ਥਾਂਵਾਂ ਤੇ ਵੀ) ਇਨਕਲਾਬੀ ਕੇਂਦਰ ਦੀ ਅਸ਼ਦ ਲੋੜ ਹੈ। ਅਤੇ ਸਾਥੀ ਦਾ ਇਹ ਉਦਮ ਸ਼ਲਾਘਾਯੋਗ ਹੈ, ਸਾਨੂੰ ਸਾਰਿਆਂ ਨੂੰ ਇਸ ਦੀ ਸਥਾਪਤੀ ਵਿਚ ਪੂਰਾ ਹਿੱਸਾ ਪਾਉਣਾ ਚਾਹੀਦਾ ਹੈ।

ਇਕ ਕੇਂਦਰ ਦੇ ਉਸਰਨ, ਵਧਣ ਫੁਲਣ ਤੇ ਨਿਭਣ ਵਾਸਤੇ ਹੋਰਨਾਂ ਗੱਲਾਂ ਤੋਂ ਇਲਾਵਾ ਤਿੰਨ ਗੱਲਾਂ ਜ਼ਰੂਰੀ ਹੁੰਦੀਆਂ ਹਨ। ਮੰਨਾਂ ਦੀ ਇਕਮਿਕਤਾ, ਮੁੱਦੇ ਦੀ ਏਕਤਾ, ਅਮਲ ਦੀ ਏਕਤਾ। (Unity of the minds, Unity of purpose, Unity of action)

ਇਸ ਕੇਂਦਰ ਤੋਂ ਪਹਿਲਾਂ ਵੀ ਖਾਸੇ ਵੱਡੇ ਵੱਡੇ ਤੇ ਬਲਵਾਨ ਕੇਂਦਰ ਹੈ ਸਨ ਅਤੇ ਹੈਨ ਵੀ ਪਰ ਉਹਨਾਂ ਵੀ ਲੋੜੀਂਦੀਆਂ ਪ੍ਰਾਪਤੀਆਂ ਨਹੀਂ ਕੀਤੀਆਂ। ਸਾਥੀ ਨੇ ਇਸ ਨੁਕਤੇ ਨੂੰ ਅਪਣੀ ਚਿੱਠੀ ਵਿਚ ਬੜੇ ਉੱਘੇ ਤੌਰ ਤੇ ਲਿਆ ਹੈ ਅਤੇ ਘੋਖਿਆ ਹੈ। ਉਹਨਾਂ ਆਖਿਆ ਹੈ ਕਿ ਖੱਬੀ ਧਿਰ ਦੇ ਸਾਰੇ ਕੇਂਦਰ ਪਾਰਟੀਆਂ ਜਾਂ ਸੀ. ਪੀ. ਆਈ, ਸੀ. ਪੀ. ਐਮ. ਨੈਕਸਲਬਾੜੀਆਂ ਦੇ ਸਾਰੇ ਗਰੁੱਪ ਇਕ ਹੱਦ ਤੋਂ ਅਗਾਂਹ ਨਹੀਂ ਵਧ ਰਹੇ, ਬਲਕਿ ਕੀਤੀਆਂ ਪ੍ਰਾਪਤੀਆਂ ਗਵਾ ਰਹੇ ਹਨ। ਅਤੇ ਕਮਿਊਨਿਸਟਾਂ ਦਾ ਵਿਕਾਰ ਤੇ ਤਾਕਤ ਦਿਨੋ ਦਿਨ ਤੇਜ਼ੀ ਨਾਲ ਡਿੱਗ ਪਈ ਹੈ। ਸਾਥੀ ਇਸ ਵਿਕਾਰ ਤੇ ਤਾਕਤ ਡਿੱਗਣ ਦੀ ਬੜੀ ਠੋਸ ਤੇ ਹਡਬੀਤੀ ਮਿਸਾਲ ਦੇਂਦਾ ਹੈ। ਦੱਸਦਾ ਹੈ ਕਿ ਸੁਲਾਬਤਪੁਰ ਦੇ ਇਲਾਕਿਆਂ ਵਿਚ, ਜਿਥੇਂ ਕਿ ਸਾਥੀ ਪ੍ਰਿਥੀ ਦੀ ਸ਼ਹਾਦਤ ਵੇਲੇ ਸਾਡੇ ਸੱਦੇ ਉਤੇ ਹਜ਼ਾਰਾਂ ਹੀ ਲੋਕ ਹੁਮ ਹੁਮਾ ਕੇ ਸਾਡੀ ਰੈਲੀ ਉਤੇ ਆਏ ਤੇ ਸਾਡੀ ਤਾਕਤ ਦੇ ਸਾਮ੍ਹਣੇ ਕੋਈ ਖੜੋ ਨਹੀਂ ਸੀ ਸਕਦਾ। ਉਥੇ ਅੱਜ ਇਕੋ ਆਦਮੀ (ਪਿੰਡ ਦੇ ਸਰਪੰਚ) ਨੇ ਸਾਨੂੰ ਰੈਲੀ ਨਾ ਕਰਨ ਦਿਤੀ। ਇਸ ਹੱਦ ਤਕ ਕਮਿਊਨਿਸਟਾਂ ਦਾ ਵਿਕਾਰ ਤੇ ਤਾਕਤ ਡਿੱਗ ਗਈ ਹੈ ਅਤੇ ਸਾਥੀ ਦੀ ਮਿਸਾਲ ਸਾਡੇ ਵਿਕਾਰ ਤੇ ਤਾਕਤ ਦੀ ਗਿਰਾਵਟ ਦੀ ਸਾਰੇ ਪੰਜਾਬ ਵਾਸਤੇ ਸੰਕੇਤਕ ਚਿੰਨ (Symbol) ਅਤੇ ਬੈਰੋਮੀਟਰ ਹੈ।

ਕਮਿਊਨਿਸਟਾਂ ਦਾ ਵਿਕਾਰ ਤੇ ਤਾਕਤ ਕਿਉਂ ਇੰਨੀ ਨਿੱਘਰ ਗਈ ਹੈ। ਇਸ ਦੇ ਕਾਰਨ ਖੁਦ ਸਾਥੀ ਬੜੇ ਸਹੀ ਦੇਂਦਾ ਹੈ। ਉਹ ਆਖਦਾ ਹੈ ਕਿ ਸਾਡੀ ਤਾਕਤ ਤੇ ਵਿਕਾਰ ਵਿਚ ਇਡੀ ਪਸਤੀ ਇਸ ਕਰਕੇ ਆਈ ਹੈ ਕਿ ਅਸੀਂ ਕਮਿਊਨਿਸ਼ਟ ਵੀ ਧਾਰਮਿਕ ਲੋਕਾਂ ਵਾਂਗੂ ਜਨੂੰਨੀ ਹੁੰਦੇ ਗਏ ਤੇ ਇਸ ਜਨੂੰਨੀ ਅਸਰ ਹੇਠਾਂ ਸਮੇਂ ਤੇ ਮੌਕੇ ਦੀ ਸਿਆਸਤ ਦੇ ਯਥਾਰਥ ਨੂੰ ਸਮਝ ਨਹੀਂ ਸਕਦੇ ਰਹੇ। ਇਨ੍ਹਾਂ ਕਾਰਨਾਂ ਕਰਕੇ ਸਾਡਾ ਜ਼ਬਲ ਆਇਆ ਹੈ। ਮੈਂ ਸਾਥੀ ਦੀ ਇਸ ਧਾਰਨਾ ਨਾਲ ਸੌ ਫੀਸਦੀ ਸਹਿਮਤ ਤੇ ਸੌ ਫੀਸਦੀ ਇਸਨੂੰ ਠੀਕ ਸਮਝਦਾ ਹਾਂ।

ਆਉ ਬੀਤੇ ਨੂੰ ਫੋਲ ਕੇ ਵੇਖੀਏ ਕਿ ਕਿਸ ਤਰ੍ਹਾਂ ਅਸੀਂ ਕਮਿਊਨਿਸਟ ਜਨੂੰਨ ਦੇ ਅਸਰ ਹੇਠਾਂ ਪੰਜਾਬ ਦੀ ਸਿਆਸਤ ਦੇ ਯਥਾਰਥ ਨੂੰ ਸਮਝ ਨਹੀਂ ਸਕੇ।

ਕਿਉਂ ਕਿ ਸਾਥੀ ਦੀ ਦਿਤੀ ਸਲਾਬਤ ਪੁਰ ਵਾਲੀ ਮਿਸਾਲ ਸਾਡੀ ਹਾਲਤ ਦੀ ਸਾਰੇ ਪੰਜਾਬ ਦੀ ਸੂਚਕ ਹੈ, ਇਸ ਦੇ ਨਰੀਖਸ਼ਣ ਵਿਚੋਂ ਸਭ ਕੁਛ ਲੱਭ ਜਾਏਗਾ।

ਸਾਥੀ ਪ੍ਰਿਥੀ ਦੀ ਸ਼ਹਾਦਤ ਵੇਲੇ (ਉਹ 1980, 81 ਦਾ ਸਮਾਂ ਹੋਵੇਗਾ) ਕਿਉਂ ਕਿ ਸਾਡੀ ਤਾਕਤ ਅਤੇ ਵਿਕਾਰ ਐਡੀਆਂ ਚੜ੍ਹਦੀਆਂ ਕਲਾਂ ਵਿਚ ਸੀ, ਹੁਣ ਕਿਉਂ ਸਿਫਰ ਦੇ ਕਰੀਬ ਹੋ ਗਏ ਹਨ? ਗੱਲ ਇਸ ਤਰ੍ਹਾਂ ਹੈ ਕਿ ਤਾਕਤ ਕਦੇ ਵੀ ਕਿਸੇ ਇਕੱਲੇ ਬੰਦੇ ਦੀ ਨਹੀਂ ਹੁੰਦੀ, ਨਾ ਮੇਰੀ, ਨਾ ਸਾਥੀ ਦੀ, ਅਤੇ ਨਾ ਉਸ ਸਰਪੰਚ ਦੀ। ਤਾਕਤ ਲੋਕਾਂ ਵਿਚ ਹੁੰਦੀ ਹੈ। ਉਸ ਸਮੇਂ ਲੋਕ ਸਾਡੇ ਨਾਲ ਸਨ, ਇਸ ਕਰਕੇ ਸਾਡੀ ਤਾਕਤ ਸੀ, ਉਸ ਅੱਗੇ ਕੋਈ ਖੜੋ ਨਹੀਂ ਸੀ ਸਕਦਾ ਭਾਵੇਂ ਇਕ ਸਰਪੰਚ ਛਡਕੇ 10 ਹੁੰਦੇ, ਅਤੇ ਥਾਨ੍ਹੇਦਾਰ ਦੀ ਥਾਂ ਭਾਵੇਂ ਐਸ. ਐਸ. ਪੀ ਹੁੰਦਾ। ਕਿਉਂਕਿ, ਪਰ ਹੁਣ ਸਰਪੰਚ ਵੀ ਸਮਝਦਾ ਹੈ ਅਤੇ ਥਾਨ੍ਹੇਦਾਰ ਵੀ ਸਮਝਦਾ ਹੈ ਕਿ ਲੋਕ ਇਨ੍ਹਾਂ ਦੇ ਨਾਲ ਨਹੀਂ, ਇਸ ਕਰਕੇ ਉਹ ਸਾਨੂੰ ਕੱਖ ਵੀ ਨਹੀਂ ਸਮਝਦੇ ਜਾਂ ਸਮਝੋ ਕਿ ਟਿੱਚ ਸਮਝਦੇ ਹਨ।

ਉਦੋਂ ਕਿਉਂ ਲੋਕ ਸਾਡੇ ਨਾਲ ਸਨ ਤੇ ਹੁਣ ਕਿਉਂ ਟੁੱਟ ਗਏ ਹਨ? ਕਿਉਂਕਿ ਉਦੋਂ ਅਸਾਂ ਨੈਕਸਲਬਾੜੀਆਂ ਨੇ ਇਨ੍ਹਾਂ ਲੋਕਾਂ ਵਾਸਤੇ ਸੈਂਟਰ ਦੀ ਸਰਕਾਰ ਵਲੋਂ ਇਨ੍ਹਾਂ ਨਾਲ ਕੀਤੇ ਜਾ ਰਹੇ ਆਰਥਕ ਤੇ ਸਿਆਸੀ ਜ਼ੁਲਮਾਂ ਦੇ ਵਿਰੁਧ ਈਮਾਨਦਾਰਾਨਾ ਸੰਘਰਸ਼ ਕੀਤਾ ਸੀ, ਭਾਵੇਂ ਸਾਡੇ ਕੋਲੋਂ ਦੇਸ਼ ਦੀ ਆਰਥਕ ਅਤੇ ਸਿਆਸੀ ਸਥਿਤੀ ਦਾ ਵਿਸ਼ਲੇਸ਼ਣ ਗਲਤ ਹੋ ਗਿਆ ਸੀ, ਪਰ ਉਹ ਹੈਗਾ ਲੋਕ ਪੱਖੀ ਅਤੇ ਸੈਂਟਰ ਦੇ ਜ਼ੁਲਮ ਵਿਰੋਧੀ ਸੀ। ਇਸ ਲਈ ਲੋਕ ਸਾਨੂੰ ਅਪਣੇ ਹਿਤੂ ਸਮਝਦੇ ਸਨ ਸਾਡੇ ਤੇ ਜਾਨ ਦੇਂਦੇ ਹਨ। ਪਰ 81, 82 ਤੋਂ ਲੈ ਕੇ ਅਜ ਤਕ ਦੇ ਸਮੇਂ ਵਿਚ ਪੰਜਾਬ ਦੀ ਸਥਿਤੀ ਵਿਚ ਜ਼ਮੀਨ

ਅਸਮਾਨ ਦਾ ਫਰਕ ਆ ਗਿਆ ਹੈ ਅਤੇ ਉਸ ਫਰਕ ਦੇ ਨਤੀਜੇ ਤੌਰ ਪੰਜਾਬ ਦੇ ਲੋਕਾਂ ਦੀ ਸਾਡੇ ਪ੍ਰਤੀ ਸਮਝ ਅਤੇ ਰਵਈਏ (Attitude & opinion) ਵਿਚ ਵੀ ਉਡਾ ਹੀ ਪ੍ਰੀਵਰਤਨ ਆ ਗਿਆ ਹੈ। ਇਹ ਪ੍ਰੀਵਰਤਨ 1981, 82 ਤੋਂ ਸ਼ੁਰੂ ਹੋਇਆ। ਜਦੋਂ ਸਿਖਾਂ ਨੇ ਅਨੰਦਪੁਰ ਦੇ ਮਤੇ ਉਤੇ ਵਧੇਰੇ ਅਧਿਕਾਰਾਂ ਦਾ ਮੋਰਚਾ ਲਾਇਆ। ਇਹ ਗਲ ਸਪਸ਼ਟ ਹੀ ਹੈ ਕਿ ਕੇਂਦਰ ਦੀ ਵਡੀ ਸਰਮਾਏਦਾਰੀ ਨੇ ਸਾਰੀ ਰਾਜ ਤਾਕਤ ਤੇ ਸਾਰੇ ਅਧਿਕਾਰ ਆਪਣੇ ਹਥ ਵਿਚ ਕੇਂਦਰਤ ਕੀਤੇ ਹੋਏ ਹਨ। ਪੰਜਾਬ ਨੂੰ ਹੋਰਨਾਂ ਸੂਬਿਆਂ ਸਮੇਤ ਅਧਿਕਾਰਾਂ ਤੋਂ ਵਾਂਝਿਆਂ ਰਖਿਆ ਹੋਇਆ ਹੈ। ਇਸ ਰਾਜ ਤਾਕਤ ਦੇ ਤਾਣ ਪੰਜਾਬ ਨੂੰ ਗੁਲਾਮ ਰਖ ਰਹੀ ਹੈ। ਇਸ ਨੂੰ ਆਪਣੇ ਕਚੇ ਅਤੇ ਪੱਕੇ ਮਾਲ ਦੀ ਮੰਡੀ ਬਣਾਇਆ ਹੋਇਆ ਹੈ। ਇਥੇ ਕਾਰਖਾਨੇਦਾਰੀ ਨੂੰ ਬਿਲਕੁਲ ਉਸਰਨ ਨਹੀਂ ਦੇਂਦੀ। ਕਚੇ ਮਾਲ ਰਾਹੀਂ ਅਤੇ ਪੱਕੇ ਮਾਲ ਰਾਹੀਂ ਮਿਸਾਲ ਤੌਰ ਟਰੈਕਟਰਾਂ, ਟਰੱਕਾਂ, ਬੱਸਾਂ ਸਕੂਟਰਾਂ, ਟਿਊਬਵੈੱਲ, ਪੰਪ ਸੈਟਾਂ, ਤੇਲਾਂ, ਖਾਦਾਂ ਡੀ. ਸੀ. ਐਮ. ਬੰਬੇ ਮਿਲਜ਼, ਗਵਾਲੀਅਰ ਮਿਲਜ਼ ਆਦਿ ਦੇ ਕਪੜਿਆਂ, ਡਾਲਡਿਆ, ਖੰਡਾਂ, ਚਾਹਵਾਂ ਆਦਿ ਰਾਹੀਂ ਪੰਜਾਬੀਆਂ ਦੀ ਅਰਬਾਂ ਰੁਪੈਆਂ ਦੀ ਸਾਲਾਨਾਂ ਲੁਟ ਕਰਦੀ ਹੈ। ਇਥੇ ਇਹ ਗੱਲ ਉਚੇਚੀ ਨੋਟ ਕਰਨ ਵਾਲੀ ਹੈ ਕਿ ਇਸ ਲੁਟ ਵਿਚੋਂ ਸਭ ਤੋਂ ਵੱਡੀ ਲੁਟ ਸਿਖਾਂ ਦੀ ਹੁੰਦੀ ਹੈ। ਕਿਉਂਕਿ ਸਾਰਾ ਕਚਾ ਮਾਲ (ਤਕਰੀਬਨ) ਸਿੱਖ ਪੈਦਾ ਕਰਦੇ ਹਨ, ਅਤੇ ਪੱਕੇ ਮਾਲ ਰਾਹੀਂ ਵੀ ਸਭ ਤੋਂ ਵਧੇਰੇ ਤੇ ਸਭ ਤੋਂ ਵੱਡੀ ਲੁਟ ਸਿਖਾਂ ਦੀ ਹੁੰਦੀ ਹੈ। ਕਿਉਂਕਿ ਇਹ ਸਭ ਤੋਂ ਵਡੇ ਖਪਤਕਾਰ ਹਨ। ਟੈਕਸ ਵੀ ਸਭ ਤੋਂ ਵੱਧ ਸਿਖ ਭਰਦੇ ਹਨ ਮਿਸਾਲ ਤੌਰ ਤੇ ਜ਼ਮੀਨੀ ਮਾਲੀਆਨਾ, ਆਬੀਆਨਾ ਆਦਿ ਅਤੇ ਸੇਲ ਟੈਕਸ ਵੀ। ਲੁਟ ਦੀ ਸਭ ਤੋਂ ਵਡੀ ਸਟ ਸਿਖਾਂ ਨੂੰ ਵੱਜਦੀ ਹੈ ਇਸ ਕਰਕੇ ਇਹ ਸੰਘਰਸ਼ ਕਰਦੇ ਹਨ। ਦੂਜੇ ਪਾਸੇ ਪੰਜਾਬ ਦੇ ਹਿੰਦੂ ਦੀ ਬਿਲਕੁਲ ਲੁਟ ਨਹੀਂ ਹੁੰਦੀ। ਉਹ 9% ਦੁਕਾਨਦਾਰੀ, ਵਪਾਰ ਅਤੇ ਕਾਰਖਾਨੇ ਦਾ ਕਿੱਤਾ ਕਰਦੇ ਹਨ। ਹਰ ਦੁਕਾਨਦਾਰ ਤੇ ਹਰ ਵਪਾਰੀ (ਛੋਟੇ ਤੋਂ ਲੈਕੇ ਇਕ ਛੋਲਿਆਂ ਦਾ ਛਾਬਾ ਲਾਉਣ ਵਾਲੇ ਤੋਂ ਲੈਕੇ) ਵਡੇ ਤਕ ਆਪਣੀ ਆਪਣੀ ਰਾਸ ਮੁਤਾਬਕ ਲੁਟ ਹੀ ਕਰਦੇ ਹਨ ਲੁਟ ਖਾਂਦੇ ਨਹੀਂ। ਅਤੇ ਦੂਜੀ ਗੱਲ ਇਹ ਹੈ ਕਿ ਪੰਜਾਬੀ ਹਿੰਦੂ ਸੈਂਟਰ ਦੇ ਬਹੁ ਗਿਣਤੀ ਦੇ ਰਾਜ ਅਤੇ ਗਲਬੇ ਨੂੰ ਆਪਣਾ ਹੀ ਗਲਬਾ ਤੇ ਰਾਜ ਸਮਝਦੇ ਹਨ, ਇਸ ਲਈ ਉਹ ਵਧੇਰੇ ਹੱਕਾਂ ਦੇ ਸੰਘਰਸ਼ ਵਿਚ ਦਿਲਚਸਪੀ ਨਹੀਂ ਲੈਂਦੇ।

ਪੰਜਾਬ ਦੀ ਸੈਂਟਰ ਹਥੋਂ ਇਹ ਲੁਟ ਜਿਸ ਵਿਚੋਂ 80% ਲੁਟ ਸਿਖਾਂ ਦੀ ਹੁੰਦੀ ਪੰਜਾਬੀ ਸੈਂਟਰ ਕੋਲੋਂ ਆਤਮ ਨਿਰਣੇ ਦਾ ਹਕ ਭਾਵ ਵਧੇਰੇ ਅਧਿਕਾਰ ਲੈਣੇ ਇਹ ਅਧਿਕਾਰ ਲੈਣ ਵਾਸਤੇ ਸਿਖਾਂ ਨੇ ਮੋਰਚਾ ਲਾਇਆ। (ਹਿੰਦੂਆਂ ਨੂੰ ਧਾਰਨ ਜਾਂ ਹਿੰਦੂਆਂ ਨੂੰ ਕੱਢਣ ਵਾਸਤੇ ਨਹੀਂ ਸੀ ਲਾਇਆ। ਇਹ ਮੋਰਚਾ ਨਾ ਫਿਰਕੂ, ਨਾ ਵੱਖਵਾਦੀ ਨਾ ਅੱਤਕਵਾਦੀ ਸੀ)

ਦੂਜੇ ਬੰਨੇ ਸੈਂਟਰ ਦੀ ਵੱਡੀ ਕਾਬਜ ਸਰਮਾਏਦਾਰੀ ਹੈ। ਉਹ ਅਪਣੇ ਮੁਨਾਫੇ ਦੇ ਹਿਤਾਂ ਵਾਸਤੇ ਪੰਜਾਬ ਨੂੰ ਸਦਾ ਹੀ ਅਪਣੀ ਮੰਡੀ ਬਣਾ ਕੇ ਰਖਣਾ ਚਾਹੁੰਦੀ ਹੈ। ਇਥੇ ਕਿਸੇ ਹਾਲਤ ਵਿਚ ਵੀ ਕਾਰਖਾਨੇਦਾਰੀ, ਵੱਡੀ ਤੇ ਦਰਮਿਆਨੀ, ਉਸਰਨ ਨਹੀਂ ਦੇਣਾ ਚਾਹੁੰਦੀ। ਇਸ ਲਈ ਉਹ ਵਧੇਰੇ ਹੱਕਾਂ ਦੇ ਸਿਖਾਂ ਦੇ ਮੋਰਚੇ ਨੂੰ ਹਰ ਕੀਮਤ ਤੇ ਕੁਚਲਣਾ ਚਾਹੁੰਦੀ ਸੀ ਅਤੇ ਚਾਹੁੰਦੀ ਹੈ। ਪਰ ਸਿਧੇ ਤੌਰ ਤੇ ਉਹ ਇਸ ਨੂੰ ਕੁਚਲ ਨਹੀਂ ਸੀ ਸਕਦੀ ਕਿਉਂਕਿ ਵਧੇਰੇ ਆਤਮ ਨਿਰਨੇ ਦਾ ਹੱਕ ਲੋਕਾਂ ਦਾ ਜਮਾਂਦਰੂ ਅਤੇ ਡੈਮੋਕਰੇਟਕ ਹੱਕ ਹੈ। ਇਸ ਲਈ ਉਸ ਨੇ ਇਸ ਮੋਰਚੇ ਨੂੰ ਫਿਰਕੂ ਰੰਗ (ਵੱਖਵਾਦੀ ਤੇ ਅੱਤਕਵਾਦੀ ਰੰਗ) ਦੇ ਕੇ ਲੋਕਾਂ ਵਿਚ ਝੂਠੇ ਤੌਰ ਬਦਨਾਮ ਕਰਕੇ ਕੁਚਲਣ ਦੀ ਸਕੀਮ ਬਣਾਈ ਅਤੇ ਦਰਬਾਰਾ ਸਿੰਘ ਕਾਂਗਰਸ ਸਰਕਾਰ ਨਾਲ ਯੋਜਨਾ ਬਣਾ ਕੇ ਏਜੈਂਟਾਂ ਰਾਹੀਂ ਮੋਈਆਂ ਗਾਂਈਆਂ ਦੇ ਸਿਰ ਅੰਮ੍ਰਿਤਸਰ ਮੰਦਰਾਂ ਵਿਚ ਸੁਟਵਾਏ ਅਤੇ ਸਰੋਵਰ ਵਿਚ ਸਿਗਰਟਾਂ ਸਟਵਾਈਆਂ ਤੇ ਫਿਰਕੂ ਸਾੜ ਫੂਕ, ਕਤਲੋ ਗਾਰਤ ਦਾ ਮਾਹੌਲ ਬਣਾ ਕੇ ਮੋਰਚੇ ਨੂੰ ਕੁਚਲ ਦਿੱਤਾ।

ਅਸਾਂ ਭਾਵ ਨਕਸਲਬਾੜੀ ਗਰੁਪਾਂ ਵਾਲਿਆਂ ਇਸ ਵਿਚ ਕੀ ਰੋਲ ਕੀਤਾ ? ਅਸਾਂ ਪੰਜਾਬੀ ਲੋਕਾਂ ਦੇ ਆਤਮ ਨਿਰਨੇ ਦੇ ਹੱਕ ਨੂੰ ਮਾਰ ਲੈਣ ਵਿਚ, ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਫੌਜੀ ਹਮਲਾ ਕਰਵਾਉਣ ਅਤੇ ਹਜ਼ਾਰਾਂ ਆਦਮੀਆਂ ਦੀ ਮੌਤ ਕਰਵਾਉਣ ਵਿਚ ਅਤੇ ਦਿੱਲੀ ਵਿਚ ਸਿਖਾਂ ਦਾ ਕਤਲੇਆਮ ਕਰਵਾਉਣ ਵਿਚ ਸੈਂਟਰ ਦੀ ਮਦਦ ਕੀਤੀ। ਉਹ ਇਸ ਤਰ੍ਹਾਂ ਜਿਸ ਤਰ੍ਹਾਂ ਅਸਾਂ ਉਤੇ ਦਸਿਆ ਹੈ ਕਿ ਸੈਂਟਰ ਨੇ ਮੋਰਚੇ ਨੂੰ ਕੁਚਲਣ ਵਾਸਤੇ ਇਹ ਝੂਠਾ ਬਹਾਨਾ ਬਣਾਇਆ ਕਿ ਇਹ ਮੋਰਚਾ ਫਿਰਕੂ, ਵਖਵਾਦੀ (ਦੇਸ਼ ਧਰੋਹੀ) ਤੇ ਅੱਤਕਵਾਦੀ ਹੈ। ਤੇ ਅਸਾਂ ਵੀ ਇਹੋ ਆਖਿਆ ਕਿ ਮੋਰਚਾ ਫਿਰਕੂ ਵੱਖਵਾਦੀ ਹੈ। ਇਸ ਤਰ੍ਹਾਂ ਅਸਾਂ ਸਿਖਾਂ ਨੂੰ ਫਿਰਕੂ, ਵਖਵਾਦੀ, (ਭਾਵ ਦੇਸ਼ ਧਰੋਹੀ) ਤੇ ਅੱਤਕਵਾਦ ਦਾ ਦੋਸ਼ੀ ਬਣਾ ਕੇ ਸਰਕਾਰ ਨੂੰ ਮੋਰਚਾ ਕੁਚਲਣ ਅਤੇ ਘਲੂਘਾਰੇ ਕਰਨ, ਵਾਸਤੇ (grounds) ਨੀਂਹ ਮੁਹਈਆ ਕੀਤੀ ਤੇ ਉਸਨੂੰ ਠੀਕ ਤੇ ਜਾਇਜ ਠਹਿਰਾਇਆ। (ਅਸੀਂ ਨਿਓਟਰਲ ਨਹੀਂ ਰਹੇ। ਸਾਡੇ ਸਾਰਿਆਂ ਰਸਾਲਿਆਂ ਬਾਹਾਂ ਖੜੀਆਂ

ਕਰਕੇ ਆਖਿਆ ਕਿ ਇਹ ਸੰਘਰਸ਼ ਫਿਰਕੂ, ਵਖ਼ਵਾਦੀ ਤੇ ਅੱਤਕਵਾਦੀ ਹੈ)। ਇਹ ਕਾਰਗੁਜ਼ਾਰੀ ਸੈਂਟਰ ਦੀ ਤੇ ਉਸਦੀ ਸਰਕਾਰ ਦੀ ਸਿਧੀ ਏਜੈਂਟੀ ਸੀ। ਤੇ ਲੋਕ ਵੀ ਸਾਨੂੰ ਏਜੈਂਟ ਸਮਝਦੇ ਹਨ ਤੇ ਸਾਡੇ ਨਾਲੋਂ ਟੁੱਟ ਗਏ ਹਨ, ਜਿਸ ਦੀ ਚਮਕਦੀ ਅਤੇ ਠੋਸ ਮਿਸਾਲ ਸਾਥੀ ਸਲਾਬਤ ਪੁਰ ਵਿਚ ਵਾਪਰੀ ਗੱਲ ਨਾਲ ਦੇਂਦਾ ਹੈ ਅਤੇ ਜੋ ਸੌ ਫੀ ਸਦੀ ਠੀਕ ਹੈ, ਅਤੇ ਸਾਰੇ ਪੰਜਾਬ ਵਿਚ ਸਾਡੇ ਵਿਕਾਰ ਅਤੇ ਸਾਡੀ ਤਾਕਤ ਦਾ ਬੈਰੋਮੀਟਰ ਹੈ।

ਇਸਦਾ ਕਾਰਨ ਓਹੋ ਹੈ ਜਿਹੜਾ ਸਾਥੀ ਗੁਰਸ਼ਰਨ ਦਸਿਆ ਹੈ ਕਿ ਅਸੀਂ ਕਮਿਊਨਿਸਟ ਵੀ ਜਨੂੰਨੀ ਹੁੰਦੇ ਹਾਂ। ਅਸਾਂ ਕਮਿਊਨਿਸਟ ਜਨੂੰਨ ਦੇ ਅਸਰ ਹੇਠਾਂ ਪੰਜਾਬ ਅਤੇ ਮੋਰਚੇ ਦੇ ਸੰਘਰਸ਼ ਦੀ ਸਿਆਸਤ ਦਾ ਯਥਾਰਥ ਨਾ ਸਮਝ ਸਕੇ। ਇਹ ਮੋਰਚਾ ਡੈਮੋਕਰੈਟਕ, ਸਿਆਸੀ ਅਤੇ ਆਰਥਕ ਮੰਗਾਂ ਦਾ ਮੋਰਚਾ ਸੀ, ਪਰ ਅਸਾਂ ਇਸ ਨੂੰ ਫਿਰਕੂ ਵੱਖਵਾਦੀ ਤੇ ਅੱਤਕਵਾਦੀ ਆਖਿਆ। ਜਿਸਦਾ ਮੁਜਰਬ ਅਤੇ ਆਪੋ ਪ੍ਰਤੱਖ ਪ੍ਰਮਾਣ ਇਹ ਹੈ, ਕਿ ਰਾਜੀਵ ਸਰਕਾਰ ਨੇ ਇਸ ਸੰਘਰਸ਼ ਦਾ ਜੋ ਸੰਤ ਲੌਂਗੋਵਾਲ ਨਾਲ ਸਮਝੌਤਾ ਕੀਤਾ। ਉਸ ਦੀਆਂ 11 ਮਦਾਂ ਹੀ (ਕਿਸੇ ਇਕ ਅੱਧ ਤੋਂ ਸਿਵਾ) ਸਿਆਸੀ ਅਤੇ ਆਰਥਕ ਗੱਲਾਂ ਨਾਲ ਸਬੰਧਤ ਹਨ।

ਸੈਂਟਰ ਦੀ ਸਰਮਾਏਦਾਰੀ ਵਲੋਂ ਕੀਤੀ ਜਾ ਰਹੀ ਅਰਬਾਂ ਰੁਪਿਆਂ ਦੀ ਲੁਟ ਅਤੇ ਹੋਰਨਾਂ ਜ਼ੁਲਮਾਂ ਦੇ ਖਾਤਮੇ ਵਾਸਤੇ ਅਸੀਂ ਸੰਘਰਸ਼ ਕਰਦੇ ਅਤੇ ਹੱਕ ਅਤੇ ਸਚਾ ਆਤਮ ਨਿਰਣੇ ਦਾ ਹੱਕ ਪੰਜਾਬੀਆਂ ਵਾਸਤੇ ਲੈਂਦੇ (ਲੌਂਗੋਵਾਲ ਵਾਂਗੂੰ ਝੂਠੇ ਵਧੇਰੇ ਹੱਕ ਨਹੀਂ) ਤਾਂ ਅਜ ਇਸ ਕਰ੍ਹਾਂ ਸਾਡੀ ਤਾਕਤ ਤੇ ਵਿਕਾਰ ਸਿਫਰ ਤੇ ਨਾ ਗਿਆ ਹੁੰਦਾ ਤੇ ਸਲਾਬਤ ਪੁਰ ਵਰਗੇ ਵਾਕੇ ਕਦੇ ਨਾ ਹੁੰਦੇ ਤੇ ਅਸੀਂ ਅਜ ਝੂਰਦੇ ਨਾ ਫਿਰਦੇ ਬਲਕਿ ਪੰਜਾਬ ਵਿਚ ਇਕ ਨੰਬਰ ਦੀਆਂ ਚੜ੍ਹਦੀਆ ਕਲਾਂ ਵਿਚ ਹੁੰਦੇ ਅਤੇ ਕਥਿਤ ਮੂਲ-ਵਾਦ ਨੂੰ ਕੋਈ ਮੌਕਾ ਨਾ ਮਿਲਦਾ।

ਆਸਾਮ ਵਿਚ ਵੀ ਸਾਡੇ ਨਾਲ ਇਹੋ ਕੁਛ ਹੋਇਆ। ਤੇ ਅਸਾਂ ਇਹੋ ਕੁਛ ਕੀਤਾ। ਆਸਾਮੀ ਲੋਕਾਂ ਦਾ ਸਭ ਤੋਂ ਜ਼ਰੂਰੀ ਤੇ ਸਭ ਤੋਂ ਫੌਰੀ ਮਸਲਾ ਇਹ ਸੀ ਕਿ ਓਥੇ ਭਾਰੀ ਗਿਣਤੀ ਵਿਚ ਲੋਕ ਬਾਹਰੋਂ ਆਣ ਕੇ ਵਸ ਗਏ ਸਨ ਤੇ ਵਸ ਰਹੇ ਸਨ ਅਤੇ ਆਸਾਮੀ ਕੌਮ ਦੀ ਸਿਆਸਤ ਅਤੇ ਆਰਥਕਤਾ ਤੇ ਗਲਬਾ ਹਾਸਲ ਕਰੀ ਜਾ ਰਹੇ ਸਨ ਜਿਸ ਤੋਂ ਉਨ੍ਹਾਂ ਦੀ ਆਰਥਿਕਤਾ, ਸਭਿਆਚਾਰ ਤੇ ਕੌਮੀ-ਹੋਂਦ ਨੂੰ ਫੌਰੀ ਯਕੀਨੀ ਖਤਰਾ ਪੈਦਾ ਹੋ ਗਿਆ ਸੀ। ਸੋ ਇਸ ਮਸਲੇ ਨੂੰ ਹਲ ਕਰਨਾ ਉਸ ਵੇਲੇ ਆਸਾਮੀ ਕੌਮ ਦੀ ਪਹਿਲੀ ਪ੍ਰਾਥਮਿਕਤਾ ਸੀ ਅਤੇ ਇਸਦੇ ਹਲ ਲਈ ਉਹਨਾਂ ਸੰਘਰਸ਼ ਚਲਾਇਆ। ਪਰ ਸੈਂਟਰ ...

ਦਾਰੀ ਨੇ ਅਪਣੇ ਮੁਨਾਫਿਆਂ ਅਤੇ ਚੋਣ ਹਿਤਾਂ ਨੂੰ ਮੋਹਰੇ ਰਖਦਿਆਂ ਉਸ ਸੰਘਰਸ਼ ਨੂੰ ਕੁਚਲਣ ਦੀ ਮੁਹਿੰਮ ਚਲਾ ਦਿਤੀ ਤੇ ਬਹਾਨਾ ਘੜਿਆ ਕਿ ਇਹ ਸੰਘਰਸ਼ ਬਾਹਰੀ ਸ਼ਕਤੀਆਂ ਦੀ ਸਾਜ਼ਿਸ਼ ਹੈ ਅਤੇ ਸੰਘਰਸ਼ ਕਰਨੇ ਵਾਲੇ ਨੌਜਵਾਨਾਂ ਆਸਾਮੀਆਂ ਨੂੰ ਬਾਹਰੀ ਸ਼ਕਤੀਆਂ ਦੇ ਏਜੈਂਟ ਆਖਿਆ ਤੇ ਇਸ ਤਰ੍ਹਾਂ ਉਨ੍ਹਾਂ ਨੇ ਝੂਠੇ ਤੌਰ ਦੇਸ਼ ਧਰੋਹੀ ਹਜ਼ਾਰਾਂ ਰਾਵਾਂ ਨੂੰ ਗੋਲੀ ਨਾਲ ਉਡਾ ਦਿਤਾ। ਅਸਾਂ ਖੱਬੀ ਧਿਰ ਨੇ ਸੈਂਟਰ ਸਰਕਾਰ ਦੀ ਮਦਦ ਕੀਤੀ ਤੇ ਉਹ ਇਸ ਤਰਾਂ ਕਿ ਅਸਾਂ ਵੀ ਆਸਾਮੀਆਂ ਦੇ ਸੰਘਰਸ਼ ਨੂੰ ਬਾਹਰੀ ਸ਼ਕਤੀਆਂ ਦੀ ਸਾਜਸ਼ ਆਖਿਆ ਅਤੇ ਇਸ ਤਰ੍ਹਾਂ ਸੰਘਰਸ਼ ਕਰਨ ਵਾਲਿਆਂ ਨੂੰ ਬਾਹਰੀ ਸ਼ਕਤੀਆਂ ਦੇ ਏਜੈਂਟ ਅਤੇ ਦੇਸ਼ ਧਰੋਹੀ ਬਣਾਇਆ। ਪਰ ਹਕੀਕਤ ਕੀ ਸੀ ? ਉਹ ਇਹ ਕਿ ਅਸਾਮੀਆਂ ਦਾ ਇਹ ਅਪਰਵਾਸੀਆਂ ਦਾ ਸੰਘਰਸ਼ ਜਾਇਜ਼ ਤੇ ਠੀਕ ਸੰਘਰਸ਼ ਸੀ ਬਾਹਰੀ ਸ਼ਕਤੀਆਂ ਦੀ ਸਾਜਸ਼ ਨਹੀਂ ਸੀ। ਜਿਸ ਦੀ ਤਾਈਦ ਉਦੋਂ ਹੋ ਗਈ ਜਦੋਂ ਰਾਜੀਵ ਗਾਂਧੀ ਨੇ ਉਹਨਾਂ ਨੌਜਵਾਨਾਂ ਦੀਆਂ ਸ਼ਰਤਾਂ ਮੰਨ ਕੇ ਉਹਨਾਂ ਨਾਲ ਸਮਝੌਤਾ ਕਰ ਲਿਆ। ਪਰ ਅਸਾਂ ਕਮਿਊਨਿਸਟ ਜਨੂੰਨ ਹੇਠਾਂ ਆਸਾਮ ਦੀ ਸਿਆਸਤ ਦਾ ਯਥਾਰਥ ਨਾ ਸਮਝਿਆ ਅਤੇ ਲੋਕਾਂ ਨਾਲੋਂ ਟੁਟ ਗਏ ਤੇ ਅਜ ਬੈਠੇ ਨਿੰਮੋਝੂਣੇ ਹੋਏ ਪੰਜਾਬ ਵਾਂਗ ਹੀ ਮਿਟੀ ਫੋਲ ਰਹੇ ਹਾਂ। ਇਲੈਕਸ਼ਨਾਂ ਹੋਈਆਂ ਤਾਂ ਇਕ ਅਧ ਛਡ ਕੇ ਸਾਡੀਆਂ ਸਾਰੀਆਂ ਜ਼ਮਾਨਤਾਂ ਜਬਤ ਹੋ ਗਈਆਂ। ਕਿਉਂਕਿ ਸਾਡਾ ਕਿਰਦਾਰ ਸਰਕਾਰ ਦੇ ਏਜੰਟਾਂ ਵਾਲਾ ਰਿਹਾ।

ਇਸੇ ਤਰਾਂ ਹੀ ਮੀਜ਼ੋਰਾਮ ਵਿਚ ਵੀ ਸਾਡਾ ਕਿਰ-ਦਾਰ ਇਹੋ ਰਿਹਾ ਹੈ, ਜੋ ਪੰਜਾਬ ਅਤੇ ਆਸਾਮ ਵਿਚ ਸੀ ਅਤੇ ਸਾਡਾ ਹਾਲ ਵੀ ਉਹੋ ਹੋਇਆ। ਆਂਧਰਾ ਸਾਡਾ ਸਭ ਤੋਂ ਲਾਲ ਸੂਬਾ ਸੀ। ਉਥੇ ਸਾਡੀ ਇਨਕਲਾਬੀ ਤਾਕਤ ਸਭ ਪ੍ਰਾਂਤਾਂ ਤੋਂ ਵੱਡੀ ਸੀ (ਬੰਗਾਲ ਵਿਚ ਸਾਡੀ ਤਾਕਤ ਵਿਚ ਕਾਂਗਰਸ ਦੀ ਤਾਕਤ ਦਾ ਰਲਾ ਹੈ। ਉਥੇ ਇਨਕਲਾਬ ਨੂੰ ਕਮਜ਼ੋਰ ਕਰਨ ਵਾਸਤੇ ਬਾਸੂ ਸਰਕਾਰ ਦੀ ਲੋੜ ਹੈ। ਜਿਸ ਤਰ੍ਹਾਂ ਪੰਜਾਬ ਵਿਚ ਆਤਮ ਨਿਰਣੇ ਦੀ ਲਹਿਰ ਨੂੰ ਖਤਮ ਕਰਨ ਵਾਸਤੇ ਬਰਨਾਲਾ ਸਾਹਿਬ ਦੀ ਸਰਕਾਰ ਦੀ ਲੋੜ ਹੈ) ਉਥੇ ਖੱਬੀ ਧਿਰ ਆਪਣੀਆਂ ਕਚਹਿਰੀਆਂ ਲਾਉਂਦੀ ਸੀ। ਪਰ ਸਾਡੇ ਕਮਿਊਨਿਸਟ ਜਨੂੰਨ ਦੇ ਅਸਰ ਹੇਠਾਂ ਉਥੋਂ ਦੀ ਸਿਆਸਤ ਦੇ ਯਥਾਰਥ ਨੂੰ ਨਾ ਸਮਝਣ ਕਾਰਨ ਉਥੇ ਰਾਮਾ ਰਾਓ ਇਕ ਫਿਲਮੀ ਐਕਟਰ ਨੇ ਜਿਸਦਾ ਕੋਈ ਸਿਧਾਂਤ ਨਹੀਂ ਸਾਨੂੰ ਬੋਹਕਰ ਨਾਲ ਹੂੰਝ ਕੇ ਗੁੱਠੇ ਲਾ ਦਿੱਤਾ ਹੈ।

ਸੋ ਜਿਹੜਾ ...

ਆਪਣੇ ਕਮਿਊਨਿਸਟ ਜਨੂੰਨ ਦੇ ਅਸਰ ਹੇਠਾਂ ਸਮੇਂ ਦੀ ਸਿਆਸਤ ਨੂੰ ਨਹੀਂ ਸਮਝਦੇ, ਧਿਆਨ ਨਹੀਂ ਰਖਣਾ ਚਾਹੀਦਾ ਹੈ। ਪਿਛੇ ਸਾਨੂੰ ਇਸੇ ਗੱਲ ਨੇ ਮੁਖ ਤੌਰ ਤੇ ਮਾਰਿਆ ਹੈ, ਪਰ ਅਗਾਂਹ ਨਾ ਮਾਰੇ।

ਇਸ ਤੋਂ ਅੱਗੇ ਚਿੱਠੀ ਵਿਚ ਉਠਾਏ ਇਕ ਦੋ ਹੋਰ ਨੁਕਤਿਆਂ ਨੂੰ ਲੈਂਦੇ ਹਾਂ। ਸਾਥੀ ਨੇ ਇਹ ਨੁਕਤਾ ਉਠਾਇਆ ਹੈ ਕਿ ਮਾਲੀ ਗਰੁਪ ਨਾਲ ਸਾਡਾ ਵਖਰੇਵਾਂ ਸਿਰਫ ਇਕ ਨੁਕਤੇ ਤੇ ਹੈ; ਕਿ ਜਿਸ ਤਰ੍ਹਾਂ ਅਸੀਂ ਦੋਵੇਂ ਕੋਠੇ ਦੀ ਛੱਤ ਤੇ ਖੜੋਤੇ ਕੋਠੇ ਨੂੰ ਪੱਕਾ ਕਰ ਰਹੇ ਹੋਈਏ ਤੇ ਕੋਈ ਇਕ ਆਦਮੀ ਕੋਲੋਂ ਦੀ ਲੰਘਦੇ ਜਾਂਦੇ ਦੇ ਨਾਂ ਉਤੇ ਵਖਰੇਵਾਂ ਹੋ ਜਾਵੇ ਕਿ ਇਕ ਆਖੇ ਇਹ ਨੱਥਾ ਸਿੰਘ ਹੈ ਤੇ ਦੂਜਾ ਆਖੇ ਕੱਥਾ ਸਿੰਘ ਹੈ।

ਵਖਰੇਵਾਂ ਏਡਾ ਸਾਧਾਰਨ ਨਹੀਂ। ਅਸਲ ਵੱਖਰੇਵੇਂ ਦਾ ਪਤਾ ਤਾਂ ਮਾਲੀ ਗਰੁਪ ਨੂੰ ਹੀ ਹੋਵੇਗਾ ਪਰ ਜਿਥੋਂ ਤੱਕ ਤਰਕ ਦਾ ਤੁਅੱਲਕ ਹੈ ਤੇ ਉਹਨਾਂ ਦੇ ਖਿਆਲ ਪੜ੍ਹਨ ਤੋਂ ਹਿਸਾਬ ਲਾਉਣ ਦਾ ਤੁਅੱਲਕ ਹੈ, ਵਖਰੇਵਾਂ ਉਸ ਆਦਮੀ ਦੇ ਨਾਂ ਪ੍ਰਤੀ ਨਹੀਂ ਹੈ, ਵਖਰੇਵਾਂ ਉਸ ਕੋਠੇ ਦੀ ਸ਼ਕਲ ਤੇ ਅੰਦਰ ਦਾ ਹੈ ਜਿਸਦੀ ਛੱਤ ਉਤੇ ਖੜੋਤੇ ਇਹ ਸੋਚ ਰਹੇ ਹਨ। ਕੋਠਾ ਪੰਜਾਬ ਹੈ, ਸਵਾਲ ਵਖਰੇਵਾਂ ਇਹ ਹੈ ਕਿ ਪੰਜਾਬ ਜਿਸ ਵਿਚ ਦੋਵੇਂ ਗਰੁਪ ਵਸ ਰਹੇ ਹਨ, ਇਹ ਹੁਣ ਵਾਂਗੂ ਸੈਂਟਰ ਦੀ ਬਸਤੀ ਅਤੇ ਮੰਡੀ ਰਹਿਣਾ ਚਾਹੀਦਾ ਹੈ, ਕਿ ਆਤਮ ਨਿਰਨੇ ਦਾ ਹੱਕ ਲੈ ਕੇ ਕਾਰਖ਼ਾਨੇਦਾਰੀ ਉਸਾਰਨੀ ਚਾਹੀਦੀ ਹੈ ਤੇ ਇਸਦੀ ਮੰਡੀ ਅਤੇ ਲੁਟ ਵਾਲੀ ਹਾਲਤ ਖਤਮ ਕਰਨੀ ਚਾਹੀਦੀ ਹੈ। ਵਖਰੇਵਾਂ ਇਹ ਨਾਂ ਦਾ ਨਹੀਂ।

ਸਮਤਾ ਨੰਬਰ 77 ਵਿਚ ਇਕ ਸਵਾਲ ਕਿ :— ਪੰਜਾਬ ਦਾ ਮਸਲਾ ਇਨਕਲਾਬੀ ਕੇਂਦਰ ਦੇ ਪ੍ਰੋਗਰਾਮ ਵਿਚ ਕੀ ਥਾਂ ਰੱਖਦਾ ਹੈ ? ਦਾ ਜਵਾਬ ਸਾਥੀ ਇਹ ਦੇਂਦਾ ਹੈ ਕਿ ਪੰਜਾਬ ਮਸਲੇ ਵਿਚ ਅਸੀਂ ਨਾ ਓਧਰ ਹਾਂ ਨਾ ਓਧਰ। ਇਸ ਮਸਲੇ ਵਿਚ ਅਸੀਂ ਸਰਗਰਮ ਨਹੀਂ ਰਹੇ ਹਾਂ ਅਤੇ ਅੱਗੇ ਇਸੇ ਸਵਾਲ ਦੇ ਜਵਾਬ ਵਿਚ ਸਾਥੀ ਆਖਦਾ ਹੈ ਕਿ ਇਹ ਮਸਲਾ ਦੋ ਬੁਰਜੁਆਜ਼ੀਆਂ (ਪੰਜਾਬ ਦੀ ਬੁਰਜੁਆਜ਼ੀ ਅਤੇ ਸੈਂਟਰ ਦੀ ਬੁਰਜੁਆਜ਼ੀ) ਵਿਚਕਾਰ ਲੜਾਈ ਹੈ, ਅਸੀਂ ਆਪਣੇ ਆਪ ਨੂੰ ਇਸ ਵਿਚ ਨਹੀਂ ਉਲਝਾਉਣਾ।

ਇਹ ਤਾਂ ਬਹੁਤ ਹੀ ਅਜੀਬ ਗੱਲ ਅਤੇ ਆਧਾਰ-ਹੀਣਾ ਧਾਰਨਾ ਹੈ। ਐਸ ਵੇਲੇ ਜਦੋਂ ਕਿ ਪੰਜਾਬ ਸੜ ਰਿਹਾ ਹੈ, ਤਬਾਹ ਹੋ ਰਿਹਾ ਹੈ ਅਤੇ ਜਦੋਂ ਕਿ ਇਸ ਮਸਲੇ ਦੇ ਪੇਟ ਵਿਚ ਐਸੇ ਬੀਜ ਮੌਜੂਦ ਹਨ ਜਿਹੜੇ ਭਿਆਨਕ ਤੋਂ ਭਿਆਨਕ ਘਲੂਘਾਰਿਆਂ ਅਤੇ ਕਤਲਾਮਾਂ ਨੂੰ ਜਨਮ ਦੇ ਸਕਦੇ ਹਨ ਤੇ ਅਸੀਂ ਜਿਹੜੇ ਸਾਰੇ ਸੰਸਾਰ ਵਿਚ ਅਮਨ, ਨਿਆਂ ਤੇ ਖੁਸ਼ਹਾਲੀ ਲਿਆਉਣ ਤੇ ਵਰਤਾਉਣ ਦਾ ਦਾਹਵਾ ਕਰੀ ਬੈਠੇ ਹੋਈਏ ਅਤੇ ਅਸੀਂ ਪੰਜਾਬ ਵਿਚ ਬੈਠੇ ਹੀ ਗੈਰ ਸਰਗਰਮ ਰਹੀਏ, ਨਾ ਏਧਰ ਤੇ ਨਾ ਓਧਰ ਵਾਲੀ ਪੁਜ਼ੀਸ਼ਨ ਅਪਨਾਈਏ, ਅੱਖੀਂ ਮੁੰਦ ਕੇ ਸਮਾਧੀ ਲਾ ਲਈਏ, ਤਾਂ ਇਹ ਤਾਂ ਬਿਲਕੁਲ ਉਸ ਗੱਲ ਵਾਂਗੂ ਹੋਈ ਕਿ :—ਕੋਈ ਮਰੇ ਕੋਈ ਜੀਵੇ ਖੁਸਰਾ ਘੋਲ ਪਤਾਸੇ ਪੀਵੇ (Nero dances while Rome is burning)।

ਸਾਥੀ ਜਿਹੜਾ ਇਹ ਗੱਲ ਆਖਦਾ ਹੈ ਕਿ ਅਸੀਂ ਨਾ ਇਧਰ ਨਾ ਓਧਰ ਰਹੇ ਹਾਂ ਅਤੇ ਗੈਰ ਸਰਗਰਮ ਰਹੇ ਹਾਂ। ਇਹ ਵੀ ਪੂਰਾ ਸੱਚ ਨਹੀਂ। ਪਰ ਪੂਰਾ ਸੱਚ ਇਹ ਹੈ ਕਿ ਇਹ ਖੱਬੀ ਧਿਰ ਸਾਰੇ ਜ਼ੋਰ ਨਾਲ ਸਰਗਰਮ ਰਹੀ ਹੈ ਅਤੇ ਸਰਕਾਰ ਦਾ ਪੂਰਾ ਪੱਖ ਲਿਆ ਹੈ। ਉਹ ਇਸ ਤਰ੍ਹਾਂ ਕਿ ਇਸ ਧਿਰ ਨੇ 1982 ਤੋਂ ਹੀ ਜਦੋਂ ਤੋਂ ਵਧੇਰੇ ਅਧਿਕਾਰਾਂ ਦਾ ਮੋਰਚਾ ਸ਼ੁਰੂ ਹੋਇਆ ਉਦੋਂ ਤੋਂ ਹੀ ਇਸ ਧਿਰ ਨੇ ਆਪਣੇ ਪਰਚਿਆਂ ਰਾਹੀਂ ਇਸ ਆਤਮ ਨਿਰਨੇ ਦੇ ਹੱਕਾਂ ਵਾਸਤੇ ਲੜੇ ਜਾ ਰਹੇ ਡੈਮੋਕਰੈਟਕ ਮੋਰਚੇ ਦੇ ਅਸਲ ਰੂਪ ਅਤੇ ਅਸਲ ਤੱਤ ਨੂੰ ਵਿਗਾੜ ਕੇ ਇਸ ਨੂੰ ਫਿਰਕੂ, ਵਖਵਾਦੀ ਅਤੇ ਅਤੇਕਵਾਦੀ ਮੋਰਚਾ ਬਨਾਉਣ ਵਿਚ ਸਾਰਾ ਜ਼ੋਰ ਲਾ ਕੇ ਸਰਗਰਮ ਰਹੀ। ਅਤੇ ਡੈਮੋਕਰੈਟਕ ਸਿਆਸੀ ਤੇ ਆਰਥਕ ਮੰਗਾਂ ਵਾਸਤੇ ਸੰਘਰਸ਼ ਕਰ ਰਹੇ ਸਿੱਖਾਂ ਨੂੰ ਜਨੂੰਨੀ (ਜਿਸ ਦਾ ਸਿੱਧਾ ਮਤਲਬ ਪਾਗਲ ਹੁੰਦਾ ਹੈ) ਬਣਾ ਕੇ ਪੇਸ਼ ਕੀਤਾ ਤੇ ਸਿੱਖਾਂ ਉਤੇ ਜ਼ੁਲਮ ਢਾਹੁਣ ਲਈ ਸਰਕਾਰ ਲਈ ਅਧਾਰ ਮੁਹੱਈਆ ਕੀਤਾ।

ਹੁਣ ਸਾਥੀ ਦੇ ਦੂਜੇ ਨੁਕਤੇ ਨੂੰ ਲਈਏ ਕਿ ਪੰਜਾਬ ਦਾ ਮਸਲਾ ਸੈਂਟਰ ਦੀ ਬੁਰਜੁਆਜ਼ੀ ਤੇ ਪੰਜਾਬੀ ਬੁਰਜੁਆਜ਼ੀ ਦੀ ਲੜਾਈ ਹੈ, ਕੇਂਦਰ ਨੂੰ ਇਸ ਵਿਚ ਨਹੀਂ ਉਲਝਣਾ ਚਾਹੀਦਾ। ਇਹ ਠੀਕ ਹੈ ਕਿ ਇਹ ਲੜਾਈ ਪੰਜਾਬੀ ਅਤੇ ਸੈਂਟਰ ਦੀ ਬੁਰਜੁਆਜ਼ੀ ਦੀ ਲੜਾਈ ਹੈ। ਸੈਂਟਰ ਦੀ ਸਰਮਾਏਦਾਰੀ ਪੰਜਾਬ ਨੂੰ ਆਪਣੀ ਮੰਡੀ ਬਣਾ ਕੇ ਰੱਖਣਾ ਚਾਹੁੰਦੀ ਹੈ, ਪੰਜਾਬੀ ਸਰਮਾਏਦਾਰੀ ਤੇ ਪੰਜਾਬੀ ਕਾਰਖਾਨੇਦਾਰੀ ਨੂੰ ਉਸਰਨ ਨਹੀਂ ਦੇਣਾ ਚਾਹੁੰਦੀ, ਦੂਜੇ ਪਾਸੇ ਪੰਜਾਬੀ ਬੁਰਜੁਆਜ਼ੀ ਪੰਜਾਬ ਵਿਚ ਆਪਣੀ ਸਰਮਾਏਦਾਰੀ ਅਤੇ ਕਾਰਖਾਨੇਦਾਰੀ ਉਸਾਰਨੀ ਚਾਹੁੰਦੀ ਹੈ।

ਇਸ ਮੁੱਦੇ ਵਾਸਤੇ ਉਹ ਸੰਘਰਸ਼ ਲੜ ਰਹੀ ਹੈ, ਇਥੇ ਇਹ ਗੱਲ ਜਾਨਣੀ ਬਹੁਤ ਜ਼ਰੂਰੀ ਹੈ ਕਿ ਪੰਜਾਬ ਕੋਲ ਐਸੇ ਸਾਧਨ ਤੇ ਜ਼ਰੀਏ ਮੌਜੂਦ ਹਨ ਜਿਹੜੇ ਕਿਸੇ ਥਾਂ ਦੀ ਕਾਰਖਾਨੇਦਾਰੀ ਦੇ ਵਿਕਾਸ ਵਾਸਤੇ ਅਧਾਰ ਬਣਦੇ ਹਨ। ਉਹ ਹਨ ਕਰਿਸ਼ੀ ਅਤੇ ਮਾਨਵੀ ਗੁਣ,

(Agriculture & human skill & faculty) ਇਨ੍ਹਾਂ ਵਿਚੋਂ ਮਾਨਵ ਗੁਣਾਂ ਵਾਲਾ ਪੱਖ ਸਭ ਤੋਂ ਭਾਰੂ ਹੁੰਦਾ ਹੈ। ਇਨ੍ਹਾਂ ਕਾਰਨ ਪੰਜਾਬ ਕਾਰਖਾਨੇਦਾਰੀ ਵਲੋਂ ਜਾਪਾਨ ਬਣ ਸਕਦਾ ਹੈ ਜੇ ਇਸ ਕੋਲ ਆਤਮ ਨਿਰਨੇ ਦੇ ਹੱਕ ਹੋਣ। ਇਹ ਨਾ ਅਤਿ ਕਥਨੀ ਹੈ ਅਤੇ ਨਾ ਕਲਪਨਾ ਦੇ ਹਵਾਈ ਘੋੜੇ। ਅਤੇ ਜੇ ਪੰਜਾਬੀ ਬੁਰਜੁਆਜ਼ੀ ਇਸ ਪੰਜਾਬ, ਮਸਲੇ ਦੀ ਆਪਣੀ ਲੜਾਈ ਵਿਚ ਆਤਮ ਨਿਰਨੇ ਦਾ ਹੱਕ ਹਾਸਲ ਕਰਕੇ ਇਥੇ ਅਥਾਹ ਵੱਡੀ ਅਤੇ ਦਰਮਿਆਨੀ ਕਾਰਖਾਨੇਦਾਰੀ ਉਸਾਰ ਲੈਂਦੀ ਹੈ ਤਾਂ ਪੰਜਾਬ ਦੇ ਲੋਕਾਂ ਨੂੰ, ਪੰਜਾਬ ਦੇ ਮਜ਼ਦੂਰ ਅਤੇ ਮਜ਼ਦੂਰ ਜਮਾਤਾਂ ਨੂੰ ਹੁਣ ਨਾਲੋਂ ਕਿਹੜਾ ਵੱਧ ਘਾਟਾ ਪਵੇਗਾ। ਸਗੋਂ ਰੋਜ਼ਗਾਰਾਂ ਦੇ ਲੱਖਾਂ ਸੋਮੇ ਖੁਲ੍ਹਣਗੇ। ਬੇਰੁਜ਼ਗਾਰੀ ਉਡੇਗੀ। ਜਿਹੜਾ ਅਰਬਾਂ ਰੁਪੈ ਸਾਲਾਨਾ ਸੈਂਟਰ ਦੀ ਸਰਮਾਏਦਾਰੀ ਦੀ ਲੁਟ ਨਾਲ ਪੰਜਾਬੋਂ ਬਾਹਰ ਜਾਂਦਾ ਹੈ ਉਹ ਪੰਜਾਬ ਵਿਚ ਹੀ ਰਹੇਗਾ। ਜਦੋਂ ਅਸੀਂ ਇਨ੍ਹਾਂ ਦੋਹਾਂ ਬੁਰਜੁਆਜ਼ੀਆਂ ਦੀ ਲੜਾਈ ਵਿਚ ਨਾ ਓਧਰ ਨਾ ਓਧਰ ਵਾਲਾ ਸਟੈਂਡ ਲੈਂਦੇ ਹਾਂ ਤਾਂ ਅਸੀਂ ਸੈਂਟਰ ਦੀ ਬੁਰਜੁਆਜ਼ੀ ਦੀ ਮਦਦ ਕਰਦੇ ਹਾਂ ਕਿ ਉਹ ਆਪਣੀ ਲੁਟ ਜਾਰੀ ਰੱਖ ਸਕੇ। ਤੇ ਪੰਜਾਬੀ ਲੋਕਾਂ ਅਤੇ ਪੰਜਾਬ ਮਜ਼ਦੂਰ ਜਮਾਤਾਂ ਨਾਲ ਧੋਖਾ ਕਰਦੇ ਹਾਂ, ਉਨ੍ਹਾਂ ਨੂੰ ਵਧੇਰੇ ਰੋਜ਼ਗਾਰਾਂ ਦੇ ਮੌਕਿਆਂ ਤੋਂ ਵਾਂਝਿਆ ਰੱਖਦੇ ਹਾਂ। ਬੇਰੁਜ਼ਗਾਰੀ ਅਤੇ ਗਰੀਬੀ ਦੀ ਜਿੱਲਣ ਵਿਚ ਫਸਾਈ ਰੱਖਣ ਦੇ ਜ਼ੁਮੇਵਾਰ ਹੋਵਾਂਗੇ। ਸਾਫ ਹੀ ਇਹ ਸੈਂਟਰ ਦੀ ਏਜੈਂਟੀ ਹੋਵੇਗੀ।

ਇਥੇ ਇਹ ਗੱਲ ਅਸੀਂ ਬਹੁਤਾ ਹੀ ਜ਼ੋਰ ਦੇ ਕੇ ਆਖਾਂਗੇ ਕਿ ਸਾਥੀ ਜੀ ਦੀ ਇਹ ਧਾਰਨਾ ਕਿ ਪੰਜਾਬ ਮਸਲਾ ਦੋਂਹ ਬੁਰਜੁਆਜ਼ੀਆਂ ਦੀ ਲੜਾਈ ਹੈ–ਸੌ ਫੀਸਦੀ ਠੀਕ ਹੈ ਅਤੇ ਮਸਲੇ ਦੀ ਅਸਲ ਹਕੀਕਤ ਹੈ ਅਤੇ ਇਸ ਇਨਕਲਾਬੀ ਕੇਂਦਰ ਨੂੰ ਪੰਜਾਬ ਮਸਲੇ ਦਾ ਮੂਲ ਮੁਢ ਮੰਨ ਕੇ ਆਪਣੀਆਂ ਨੀਤੀਆਂ ਉਸਾਰਨੀਆਂ ਚਾਹੀਦੀਆਂ ਹਨ ਤਾਂ ਹੀ, ਜਿਸ ਸਾਥੀ ਜੀ ਨੇ ਆਖਿਆ ਹੈ, ਇਨਕਲਾਬੀ ਕੇਂਦਰ ਪੰਜਾਬ ਮਸਲੇ ਵਿਚ ਅਸਰ-ਅੰਦਾਜ਼ ਤਰੀਕੇ ਨਾਲ ਅਸਰਅੰਦਾਜ਼ ਹੋ ਸਕਾਂਗੇ।

ਅਖੀਰ ਵਿਚ ਇਹ ਗੱਲ ਕਰਨੀ ਚਾਹਵਾਂਗਾ ਕਿ ਸਾਥੀ ਜੀ ਨੇ ਇਨਕਲਾਬ ਦੇ ਜਵਾਬ ਵਿਚ ਸਮਤਾ 25 ਵਿਚ ਇਹ ਆਖਿਆ ਹੈ ਕਿ ਭਾਵੇਂ ਇਨਕਲਾਬੀ ਕੇਂਦਰ ਦਾ ਪ੍ਰੋਗਰਾਮ ਸੁਧਾਰਵਾਦੀ ਹੈ ਪਰ ਪੜਾਅ ਬਦਲਿਆ ਜਾ ਸਕਦਾ ਹੈ। ਇਸ ਬਾਰੇ ਗੱਲ ਇਸ ਤਰ੍ਹਾਂ ਹੈ ਕਿ ਸੁਧਾਰਵਾਦੀ ਪ੍ਰੋਗਰਾਮਾਂ ਦੀ ਕਾਰਗੁਜ਼ਾਰੀ ਤੇ ਨਤੀਜਾ (outcome) ਇਹ ਹੋਇਆ ਕਰਦਾ ਹੈ ਕਿ ਉਹ ਸਾਰੇ ਇਨਕਲਾਬੀ ਲੋਕ ਸਮੇਤ ਕੈਡਰਾਂ ਤੇ ਰੈਂਕ ਐਂਡ ਫਾਈਲ (Caders & rank & file) ਜਿਹੜੇ ਮੌਜੂਦਾ ਕੇਂਦਰਾਂ ਦੇ ਭੁਚਲਾਊ ਇਨਕਲਾਬੀ ਨਾਹਰਿਆਂ, ਜਿਸ ਤਰ੍ਹਾਂ ਸੀ.ਪੀ.ਆਈ, ਸੀ.ਪੀ.ਐਮ. ਨੇ ਨਕਸਲਬਾੜੀਆਂ ਦੇ ਗਰੁਪ ਆਦਿ ਜਿਹੜੇ ਉਹ ਆਪਣੇ ਕਾਡਰਾਂ ਤੇ ਸਮਰਥਕਾਂ ਨੂੰ ਆਪਣੇ ਨਾਲ ਬੰਨ੍ਹੀ ਰੱਖਣ ਵਾਸਤੇ ਲਾਉਂਦੇ ਹਨ, ਜਦੋਂ ਉਨ੍ਹਾਂ ਨਾਹਰਿਆਂ ਦੇ ਫੋਕੇਪਨ ਤੋਂ ਜਾਣੂ ਹੋ ਕੇ, ਉਨ੍ਹਾਂ ਨੂੰ ਛੱਡ ਕੇ ਇਨਕਲਾਬ ਵਾਸਤੇ ਕੋਈ ਫੈਸਲਾਕੁੰਨ ਕਦਮ ਚੁਕਣ ਲਈ ਤਿਆਰ ਹੋਏ ਹਨ ਤਾਂ ਉਹ ਲੋਕ ਇਨਕਲਾਬ ਦੀ ਭਾਲ ਵਿਚ ਇਹੋ ਜਿਹੇ ਨਵੇਂ ਲਿਸ਼ਕਦੇ ਇਨਕਲਾਬੀ ਨਾਂ ਦੇ ਕੇਂਦਰ ਦਵਾਲੇ ਕੱਠੇ ਹੋ ਜਾਂਦੇ ਹਨ, ਫੇਰ ਸੁਧਾਰਵਾਦ ਦੇ ਜਿੱਲਣ ਵਿਚ ਫਸਦੇ ਹਨ ਅਤੇ ਇਨਕਲਾਬ ਵਿਚ ਢੇਰੀ ਉਤੇ ਢੇਰੀ ਹੋਈ ਜਾਂਦੀ ਹੈ। ਕਿਤੇ ਇਹ ਕੇਂਦਰ ਐਸਾ ਕਾਰਜ ਹੀ ਨਾ ਕਰੇ। ਸੁਧਾਰਵਾਦ ਵਿਚੋਂ ਨਿਕਲਿਆ ਅਸਾਂ ਅੱਜ ਤੱਕ ਕੋਈ ਵੇਖਿਆ ਨਹੀਂ। ਇਸ ਵਿਚ ਖੁਭਦੇ ਤਾਂ ਬੜੇ ਵੇਖੇ ਹਨ।

ਪਾਲ ਸਿੰਘ

## 4.ਇਨਕਲਾਬੀ ਕੇਂਦਰ ਪੰਜਾਬ ਦੀ ਉਸਾਰੀ ਬਾਰੇ

**-ਦੇਵ ਦਾਸ-**

ਪੰਜਾਬ ਦੇ ਕਮਿਊਨਿਸਟ–ਇਨਕਲਾਬੀ ਹਲਕਿਆਂ ਅੰਦਰ ਬੇਹੱਦ ਸਤਿਕਾਰੇ ਜਾਂਦੇ ਗੁਰਸ਼ਰਨ ਭਾ ਜੀ ਵੱਲੋਂ ਕਮਿਊਨਿਸਟ–ਇਨਕਲਾਬੀਆਂ ਨੂੰ ਇਕ ਵਿਸ਼ਾਲ ਇਨਕਲਾਬੀ ਕੇਂਦਰ ਉਸਾਰਨ ਲਈ ਸੱਦਾ ਦਿੱਤੇ ਜਾਣ ਨਾਲ ਇਥੋਂ ਦੇ ਕਮਿਊਨਿਸਟ-ਇਨਕਲਾਬੀਆਂ ਅੰਦਰ ਇਸ ਸਵਾਲ ਦੁਆਲੇ ਭਖਵੀਂ ਬਹਿਸ ਛਿੜ ਗਈ ਹੈ। ਜਿਥੇ ਕਮਿਊਨਿਸਟ–ਇਨਕਲਾਬੀ ਦੇ ਵੱਡੇ ਹਿੱਸੇ ਨੇ ਇਸ ਸੱਦੇ ਨੂੰ ਬੇਹੱਦ ਉਤਸ਼ਾਹ ਨਾਲ ਲਿਆ ਹੈ ਅਤੇ ਘੱਟੋ ਘੱਟ ਪ੍ਰੋਗਰਾਮ ਦੁਆਲੇ ਇਕ ਵਿਸ਼ਾਲ ਇਨਕਲਾਬੀ ਕੇਂਦਰ ਉਸਾਰਨ ਦੇ ਪਵਿਤਰ ਕਾਜ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਆਪਣੀ ਸਮਰੱਥਾ ਅਨੁਸਾਰ ਸਰਗਰਮੀਆਂ ਵਿੱਢ ਦਿੱਤੀਆਂ ਹਨ, ਉਥੇ ਇਕ ਹਿਸੇ ਵੱਲੋਂ ਇਸਦੇ ਵਿਰੋਧ 'ਚ ਨਿੱਤਰ ਪੈਣ ਦੀਆਂ ਵੀ ਖਬਰਾਂ ਮਿਲ ਰਹੀਆਂ ਹਨ। ਪੰਜਾਬ ਦੇ ਕਮਿਊਨਿਸਟ ਇਨਕਲਾਬੀਆਂ ਅੰਦਰ ਇਸ ਸਵਾਲ ਉਤੇ ਦੋ ਵਿਰੋਧੀ ਕੈਂਪ ਹੋਂਦ 'ਚ ਆ ਗਏ ਹਨ। ਇਹਨਾਂ ਦੋਵਾਂ ਵਿਰੋਧੀ ਕੈਂਪਾਂ ਦਾ ਹੋਂਦ 'ਚ ਆਉਣਾ ਕੋਈ ਗੈਰ ਕੁਦਰਤੀ ਗੱਲ ਨਹੀਂ। ਦਰਅਸਲ ਇਹਨਾਂ ਦੋਵਾਂ ਕੈਂਪਾਂ ਪਿਛੇ ਕਮਿਊਨਿਸਟ–ਇਨਕਲਾਬੀਆਂ ਦੀ ਏਕਤਾ ਦੇ ਸਵਾਲ ਉਤੇ ਦੋ ਵਿਰੋਧੀ ਪਹੁੰਚਾਂ ਕੰਮ ਕਰ ਰਹੀਆਂ ਹਨ। ਕਮਿਊਨਿਸਟ-ਇਨਕਲਾਬੀਆਂ ਦੀ ਏਕਤਾ ਦਾ ਸਵਾਲ ਅੱਜ ਸਾਡੀ ਲਹਿਰ ਸਾਹਮਣੇ ਖੜਾ ਇਕ ਬੇਹੱਦ ਭਖਦਾ ਸਵਾਲ ਹੈ ਤੇ ਇਸਨੂੰ ਹੱਲ

ਕਰਨ ਲਈ ਇਹਨਾਂ ਦੋਹਾਂ ਵਿਰੋਧੀ ਪਹੁੰਚਾਂ 'ਚੋਂ ਸਹੀ ਦੀ ਚੋਣ ਕਰਕੇ ਉਸਨੂੰ ਸਥਾਪਤ ਕਰਨ ਲਈ ਯਤਨ-ਸ਼ੀਲ ਹੋਣਾ ਹਰ ਇਨਕਲਾਬੀ-ਕਮਿਊਨਿਸਟ ਸਿਰ ਖੜੀ ਇਕ ਅਹਿਮ ਜ਼ਿੰਮੇਵਾਰੀ ਹੈ।

**ਦੋ ਵਿਰੋਧੀ ਪਹੁੰਚਾਂ**

ਇਨਕਲਾਬੀ-ਕਮਿਊਨਿਸਟਾਂ ਦੀ ਏਕਤਾ ਦੇ ਸਵਾਲ 'ਤੇ ਦੋ ਵਿਰੋਧੀ ਪਹੁੰਚਾਂ 'ਚੋਂ ਇਕ ਉਹ ਹੈ ਜਿਸ ਉੱਤੇ ਅਸੀਂ ਸਾਰੇ ਹੁਣ ਤੱਕ ਅਮਲ ਕਰਦੇ ਆਏ ਹਾਂ ਅਤੇ ਜਿਸਦੇ ਮੁਦੱਈ ਅੱਜ ਗੁਰਸ਼ਰਨ ਭਾ ਜੀ ਦੇ ਸੱਦੇ ਦੇ ਵਿਰੋਧ 'ਚ ਨਿਤਰ ਰਹੇ ਹਨ। ਇਸ ਪਹੁੰਚ ਦਾ ਹਰ ਮੁਦੱਈ ਇਹ ਦਾਅਵਾ ਕਰਦਾ ਹੈ ਕਿ ਉਸ ਕੋਲ ਭਾਰਤ ਅੰਦਰ ਇਨਕਲਾਬ ਨੂੰ ਨੇਪਰੇ ਚਾੜ੍ਹਨ ਲਈ 'ਬੁਨਿਆਦੀ ਤੌਰ ਤੇ ਸਹੀ ਲਾਈਨ' ਹੈ ਕਿ ਸਿਰਫ ਉਸਦੀ ਲਾਈਨ ਉੱਤੇ ਚੱਲਕੇ ਹੀ ਭਾਰਤ ਅੰਦਰ ਇਨਕਲਾਬ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦੈ। ਇਹ ਦਾਅਵਾ ਕਰਨ ਉਪ੍ਰੰਤ ਉਹ ਤੁਰੰਤ ਇਨਕਲਾਬੀ-ਕਮਿਊਨਿਸਟਾਂ ਦੀ ਏਕਤਾ ਦਾ ਫਾਰਮੂਲਾ ਪੇਸ਼ ਕਰੇਗਾ ਕਿ ਭਾਰਤ ਅੰਦਰਲੇ ਸਾਰੇ ਇਨਕਲਾਬੀ-ਕਮਿਊਨਿਸਟਾਂ ਨੂੰ ਆਪਣੀ-ਆਪਣੀ 'ਗਲਤ ਲਾਈਨ' ਤੋਂ ਤੌਬਾ ਕਰਕੇ ਮੇਰੀ ਲਾਈਨ ਦੁਆਲੇ ਇਕ-ਮੁੱਠ ਹੋ ਜਾਣਾ ਚਾਹੀਦੈ। ਉਹ ਕਹੇਗਾ ਕਿ ਇਨਕਲਾਬੀ-ਕਮਿਊਨਿਸਟਾਂ ਦੀ ਏਕਤਾ ਸਿਰਫ ਅਤੇ ਸਿਰਫ ਇਸ 'ਬੁਨਿਆਦੀ ਤੌਰ 'ਤੇ ਸਹੀ ਲਾਈਨ' ਨੂੰ ਸਥਾਪਤ ਕਰਕੇ ਅਤੇ ਇਨਕਲਾਬੀ-ਕਮਿਊ-ਨਿਸਟਾਂ ਨੂੰ ਇਸ ਲਾਈਨ ਦੁਆਲੇ ਇਕ-ਮੁੱਠ ਕਰਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿਰਫ ਅਤੇ ਸਿਰਫ ਇਸ 'ਬੁਨਿਆਦੀ ਤੌਰ 'ਤੇ ਸਹੀ ਲਾਈਨ' ਦੁਆਲੇ ਹੀ ਇਕ ਕੁੱਲ-ਹਿੰਦ ਇਨਕਲਾਬੀ-ਕਮਿਊਨਿਸਟ ਪਾਰਟੀ ਉਸਾਰੀ ਜਾ ਸਕਦੀ ਹੈ। ਹਾ...ਹਾ...ਹਾ...ਚਾਹੇਂ ਉਸਦੀ ਇਸ 'ਬੁਨਿਆਦੀ ਤੌਰ 'ਤੇ ਸਹੀ' (!!!) ਲਾਈਨ ਦੁਆਲੇ ਉਸਰਿਆ ਗਰੁੱਪ ਦਸ ਵਾਰੀ ਟੁੱਟ-ਭੱਜ ਚੁੱਕਿਆ ਹੋਵੇ। ਫਿਰ ਜੇ ਤੁਸੀਂ ਉਸਨੂੰ ਇਹ ਪੁਛੋ ਕਿ ਭਰਾਵਾ ਜਿਹੜੇ ਤੇਰੀ ਲਾਈਨ ਨੂੰ ਠੀਕ ਨਹੀਂ ਮੰਨਦੇ ਅਤੇ ਇਸ ਦੁਆਲੇ ਇਕ-ਮੁੱਠ ਹੋਣ ਨੂੰ ਤਿਆਰ ਨਹੀਂ, ਭਲਾ ਉਹਨਾਂ ਨਾਲ ਏਕਤਾ ਕਿਵੇਂ ਕੀਤੀ ਜਾ ਸਕਦੀ ਹੈ? ਉਹ ਝੱਟ ਆਪਣੇ ਵਿਰੋਧੀਆਂ ਦੀ ਲਾਈਨ ਵਾਸਤੇ ਛੱਤੀ ਵਿਸ਼ੇਸ਼ਣ-ਵਰਤਦਾ ਹੋਇਆ ਕੂਕੇਗਾ, "ਉਹਨਾਂ ਦੀ ਸੋਧਵਾਦੀ, ਉਲਟ-ਇਨਕਲਾਬੀ, ਸੱਜੀ ਮੌਕਾਪ੍ਰਸਤ, ਖੱਬੀ ਮਾਰਕੇ-ਬਾਜ਼, ਟਰਾਟਸਕੀਵਾਦੀ, ਕਾਟਸਕੀਵਾਦੀ, ਗੋਡੇ ਟੇਕੂ ਆਦਿ-ਆਦਿ ਲਾਈਨ ਵਿਰੁੱਧ ਬੇਕਿਰਕ ਲੜਾਈ ਦਿੱਤੀ ਜਾਵੇਗੀ, ਉਸਨੂੰ ਪਛਾੜ ਦਿਤਾ ਜਾਵੇਗਾ ਅਤੇ ਉਸ ਲਾਈਨ ਦੇ ਮੁਦੱਈ ਜੰਤਾ 'ਚੋਂ ਨਿਖੇੜ ਦਿੱਤੇ ਜਾਣਗੇ ਅਤੇ ਫਿਰ ਉਹ ਹੌਲੀ-ਹੌਲੀ ਸਾਡੀ ਬੁਨਿਆਦੀ ਤੌਰ 'ਤੇ ਸਹੀ ਲਾਈਨ ਨੂੰ ਅਪਨਾਉਂਦੇ ਹੋਏ ਸਾਡੀਆਂ ਸਫਾਂ 'ਚ ਸ਼ਾਮਲ ਹੁੰਦੇ ਜਾਣਗੇ। ਇਨਕਲਾਬੀ-ਕਮਿਊਨਿਸਟਾਂ ਦੀ ਏਕਤਾ ਬਾਰੇ ਉਪ੍ਰੋਕਤ ਪਹੁੰਚ ਦੇ ਮੁਦੱਈ ਭੱਦਰ ਪੁਰਸ਼ ਅੰਤ ਆਪਣੇ ਸਾਰੇ ਹਥਿਆਰ ਲੈ ਕੇ ਇਨਕਲਾਬੀ-ਕਮਿਊਨਿਸਟਾਂ ਦੇ ਇਕ ਜਾਂ ਦੂਜੇ ਗਰੁੱਪ ਵਿਰੁੱਧ ਮੈਦਾਨ 'ਚ ਨਿੱਤਰ ਪੈਂਦੇ ਹਨ ਅਤੇ ਸਾਡੇ ਸਾਰਿਆਂ ਦਾ ਸਾਂਝਾ ਦੁਸ਼ਮਣ, ਭਾਰਤ ਦੀਆਂ ਹਾਕਮ ਜਮਾਤਾਂ, ਬੜੇ ਆਰਾਮ ਨਾਲ ਸਾਡਾ ਤਮਾਸ਼ਾ ਵੇਖਦਾ ਰਹਿੰਦੈ, ਖੁਸ਼ ਹੁੰਦੈ ਤੇ ਕਿਕਲੀਆਂ ਪਾਉਂਦੈ। ਪਿਛਲੇ ਸਮੇਂ ਦੌਰਾਨ ਸਾਡੀ ਲਹਿਰ ਅੰਦਰ ਵਾਪਰੀ ਇਕ ਤੋਂ ਬਾਅਦ ਦੂਜੀ ਦੁਫੇੜ ਜਿਥੇ ਸਾਡੀ ਲਹਿਰ ਦਾ ਲੱਕ ਤੋੜ ਛੱਡਿਐ ਉਥੇ ਉਪ੍ਰੋਕਤ ਪਹੁੰਚ ਦਾ ਦਿਵਾਲੀਆ-ਪਣ ਵੀ ਬਹੁਤ ਤਰ੍ਹਾਂ ਸ਼ਰੇ-ਬਾਜ਼ਾਰ ਨੰਗਾ ਕਰ ਦਿਤੈ।

ਇਨਕਲਾਬੀ-ਕਮਿਊਨਿਸਟਾਂ ਦੀ ਏਕਤਾ ਬਾਰੇ ਉਪ੍ਰੋਕਤ ਪਹੁੰਚ ਦੇ ਮੁਦੱਈਆਂ ਦਾ ਸੋਚਣ ਢੰਗ ਇੰਨਾ ਕੱਟੜ-ਗੈਰਵਿਗਿਆਨਕ ਹੈ ਕਿ ਉਹ ਅਕਸਰ ਦਿਨ ਵਰਗੀਆਂ ਚਿੱਟੀਆਂ ਤਲਖ ਹਕੀਕਤਾਂ ਨੂੰ ਵੀ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੁੰਦੇ ਅਤੇ ਹਾਸੋਹੀਣੇ-ਥੋਥੇ ਦਾਅਵੇ ਕਰਨ 'ਚ ਕਿਧਰੇ ਵੀ ਇਹਨਾਂ ਦਾ ਕੋਈ ਸਾਨੀ ਨਹੀਂ ਲੱਭਦਾ। ਆਪਣੀ-ਆਪਣੀ ਲਾਈਨ ਬਾਰੇ 'ਬੁਨਿਆਦੀ ਤੌਰ 'ਤੇ ਦਰੁੱਸਤ' ਹੋਣ ਦਾ ਇਹਨਾਂ ਦਾ ਦਾਅਵਾ ਵੀ ਅਜਿਹਾ ਹੀ ਇਕ ਹਾਸੋਹੀਣਾ-ਥੋਥਾ ਦਾਅਵਾ ਹੈ। ਭਲਾ ਬੁਨਿਆਦੀ ਤੌਰ 'ਤੇ ਦਰੁੱਸਤ ਲਾਈਨ ਦੇ ਅਰਥ ਕੀ ਨੇ? ਇਹੋ ਈ ਨਾ ਕਿ ਉਸ ਲਾਈਨ ਅਨੁਸਾਰ ਅਮਲ ਕਰਦਿਆਂ ਅਸੀਂ ਲਗਾਤਾਰ ਅੱਗੇ ਵਧਦੇ ਜਾਵਾਂਗੇ ਕਿ ਲਗਾਤਾਰ ਦੁਸ਼ਮਣ ਵਿਰੁੱਧ ਆਪਣੇ ਆਧਾਰ ਨੂੰ ਪਸਾਰ ਰਹੇ ਹੋਵਾਂਗੇ ਅਤੇ ਕਦਮ-ਬ-ਕਦਮ ਜਿੱਤ ਵੱਲ ਵਧ ਰਹੇ ਹੋਵਾਂਗੇ। ਆਪਣੀ-ਆਪਣੀ ਲਾਈਨ ਬਾਰੇ ਹਾਸੋਹੀਣੇ-ਥੋਥੇ ਦਾਅਵੇ ਕਰਨ ਵਾਲੇ ਇਹ ਲੋਕ ਕੀ ਭਲਾ ਆਪਣੀ ਪਿਛਲੀ ਕਾਰ-ਗੁਜ਼ਾਰੀ 'ਚੋਂ ਇਹ ਦਰਸ਼ਾ ਸਕਦੇ ਹਨ ਕਿ ਉਹ ਲਹਿਰ ਨੂੰ ਯੋਗ ਅਗਵਾਈ ਦੇ ਸਕੇ ਨੇ ਅਤੇ ਉਹਨਾਂ ਦੀ ਅਗਵਾਈ 'ਚ ਲਹਿਰ ਲਗਾਤਾਰ ਤਕੜੀ ਹੁੰਦੀ ਗਈ ਹੈ? ਕੀ ਇਹ ਇਕ ਤਲਖ ਹਕੀਕਤ ਨਹੀਂ ਕਿ ਪਿਛਲੇ ਕੁਝ ਸਾਲਾਂ ਦੌਰਾਨ ਜਦੋਂ ਪੰਜਾਬ ਅੰਦਰ ਬੇਹੱਦ ਤਿੱਖਾ ਰਾਜਸੀ ਸੰਕਟ ਮੌਜੂਦ ਸੀ/ਹੈ, ਜਦੋਂ ਸਾਡੀ ਲਹਿਰ ਦੇ ਬੇਹੱਦ ਤੇਜ਼ੀ ਨਾਲ ਅੱਗੇ ਵਧਣ ਦਾ ਆਧਾਰ ਮੌਜੂਦ ਸੀ/ਹੈ, ਉਦੋਂ ਸਾਡੀ ਲਹਿਰ ਬੁਰੀ ਤਰ੍ਹਾਂ ਟੁੱਟ-ਭੱਜ ਦਾ ਸ਼ਿਕਾਰ ਹੋ ਗਈ, ਉਦੋਂ ਅਸੀਂ ਆਮ ਜੰਤਾਂ 'ਚੋ ਬੁਰੀ ਤਰ੍ਹਾਂ ਨਿਖੇੜਨ ਵੱਲ ਧੱਕੇ ਗਏ, ਉਦੋਂ ਅਸੀਂ,

ਬੁਰੀ ਤਰ੍ਹਾਂ ਸਾਹ-ਸੱਤ ਹੀਣ ਹੋਕੇ ਰਹਿ ਗਏ ? ਇਸ ਤਲਖ ਹਕੀਕਤ ਦੇ ਸਨਮੁੱਖ 'ਬੁਨਿਆਦੀ ਤੌਰ' ਤੇ ਸਹੀ ਲਾਈਨ ਦੀ ਰੱਟ ਲਾਈ ਜਾਣਾ ਇਕ ਹਾਸੋਹੀਣਾ-ਥੋਥਾ ਦਾਅਵਾ ਨਹੀਂ ਤਾਂ ਹੋਰ ਕੀ ਹੈ ?

ਇਨਕਲਾਬੀ-ਕਮਿਊਨਿਸਟਾਂ ਦੀ ਏਕਤਾ ਬਾਰੇ ਦੂਜੀ ਪਹੁੰਚ ਦੇ ਮੁਦੱਈ ਉਹ ਹਨ ਜਿਨ੍ਹਾਂ ਨੇ ਹੰਕਾਰਵਾਦੀ ਕੱਟੜ ਪਹੁੰਚ ਤੋਂ ਖਹਿੜਾ ਛੁਡਾਕੇ ਸਾਡੀ ਲਹਿਰ ਸਾਹਮਣੇ ਖੜੀਆਂ ਤਲਖ ਹਕੀਕਤਾਂ ਤੋਂ ਸਬਕ ਸਿਖਣ ਦਾ ਹੌਂਸਲਾ ਕੀਤਾ ਹੈ । ਉਹ ਆਪਣੇ ਕੋਲ ਪੂਰੀ ਸੂਰੀ ਬੁਨਿਆਦੀ ਤੌਰ 'ਤੇ ਸਹੀ ਲਾਈਨ ਹੋਣ ਦਾ ਕੋਈ ਥੋਥਾ ਦਾਅਵਾ ਨਹੀਂ ਕਰਦੇ। ਉਹ ਸਿਰਫ ਇਹ ਦਾਅਵਾ ਕਰਦੇ ਹਨ ਕਿ ਵਿਗਿਆਨਕ ਸਿਧਾਂਤ ਮਾਰਕਸਵਾਦ ਸਾਡਾ ਰਾਹ ਦਰਸਾਵਾ ਸਿਧਾਂਤ ਹੈ ਅਤੇ ਸਾਡੇ ਸਿਰਾਂ 'ਚ ਦਿਮਾਗ਼ ਵੀ ਮੌਜੂਦ ਹੈ ਜਿਸਦੀ ਸਹਾਇਤਾ ਨਾਲ ਅਸੀਂ ਭਾਰਤ ਅੰਦਰਲੀਆਂ ਠੋਸ ਹਕੀਕਤਾਂ, ਜਿੰਨ੍ਹਾਂ ਨਾਲ ਸਾਡਾ ਵਾਹ ਹੈ, ਨੂੰ ਸਮਝਦੇ ਹਾਂ ਅਤੇ ਲਗਾਤਾਰ ਇਨਕਲਾਬੀ ਅਭਿਆਸ ਦੌਰਾਨ ਸਹੀ ਲਾਈਨ ਵੀ ਵਿਕਸਤ ਕਰ ਸਕਦੇ ਹਾਂ ਭਾਰਤ ਅੰਦਰ ਇਨਕਲਾਬ ਨੂੰ ਨੇਪਰੇ ਚੜ੍ਹਾ ਸਕਦੇ ਹਾਂ। ਉਹ ਇਸ ਹਕੀਕਤ ਤੋਂ ਤੁਰਦੇ ਹਨ ਕਿ ਸਾਡੀ ਲਹਿਰ ਅੰਦਰ ਗੰਭੀਰ ਮੱਤਭੇਦ ਮੌਜੂਦ ਹਨ ਅਤੇ ਇਹਨਾਂ ਨੂੰ ਹੱਲ ਕਰਨਾ ਸਾਡੀ ਜ਼ਿੰਮੇਵਾਰੀ ਹੈ । ਉਹਨਾਂ ਦਾ ਇਹ ਵੀ ਦਾਅਵਾ ਹੈ ਕਿ ਇਹਨਾਂ ਮੱਤਭੇਦਾਂ ਨੂੰ ਸਿਰਫ ਅਤੇ ਸਿਰਫ ਅਮਲੀ ਜਮਾਤੀ-ਸਿਆਸੀ ਜੱਦੋ ਜ਼ਹਿਦ ਨਾਲ ਜੋੜਕੇ ਹੀ ਹੱਲ ਕੀਤਾ ਜਾ ਸਕਦਾ ਹੈ ਕਿ ਬੁਨਿਆਦੀ ਤੌਰ 'ਤੇ ਸਹੀ ਲਾਈਨ ਸਿਰਫ ਤੇ ਸਿਰਫ ਅਮਲੀ ਜਮਾਤੀ ਸਿਆਸੀ ਜੱਦੋ-ਜਹਿਦ ਦੇ ਮੈਦਾਨ 'ਚ ਹੀ ਵਿਕਸਤ ਹੁੰਦੀ ਹੈ, ਪਰਖੀ ਜਾਂਦੀ ਹੈ ਅਤੇ ਆਪਣੇ ਆਪਨੂੰ ਸਥਾਪਤ ਕਰਦੀ ਹੈ। ਉਹ ਬੰਦ ਕਮਰਿਆਂ 'ਚ ਸਿਗਰਟਾਂ ਦੇ ਢੇਰ 'ਤੇ ਬੈਠ ਕੇ ਕੀਤੀਆਂ ਗਈਆਂ ਪੰਡਤਾਊ ਬਹਿਸਾਂ ਨੂੰ ਬੇਅਰਥ ਸਮਝਦੇ ਨੇ। ਉਹ ਇਹ ਸਮਝਦੇ ਨੇ ਕਿ ਸਾਡੇ ਦਰਮਿਆਨ ਚੱਲਣ ਵਾਲੀ ਵਿਚਾਰਧਾਰਕ ਸਿਆਸੀ ਬਹਿਸ ਦੁਸ਼ਮਣ ਖਿਲਾਫ ਲੜੀ ਜਾ ਰਹੀ ਅਮਲੀ ਜਮਾਤੀ-ਸਿਆਸੀ ਜੱਦੋ-ਜਹਿਦ ਦੀਆਂ ਮੁਸ਼ਕਲਾਂ ਨੂੰ ਸਮਝਣ ਅਤੇ ਉਹਨਾਂ ਨੂੰ ਹੱਲ ਕਰਨ ਲਈ ਹੁੰਦੀ ਹੈ ਨਾ ਕਿ ਇਕ ਦੂਜੇ ਉਪਰ ਆਪਣੀ ਧੌਂਸ ਜਮਾਉਣ ਲਈ ਅਤੇ ਆਪਣੀ ਚੌਧਰ ਦੀ ਛਿੰਟੀ ਘੁਮਾਉਣ ਲਈ।

ਸਾਡੀ ਲਹਿਰ ਅੰਦਰ ਮੌਜੂਦ ਬਹੁਤੇ ਮੱਤਭੇਦ ਅਜਿਹੇ ਸਵਾਲਾਂ ਨਾਲ ਸੰਬੰਧਤ ਹਨ ਜਿਹੜੇ ਸਵਾਲ ਸਾਡੀ ਲਹਿਰ ਸਾਹਮਣੇ ਭਵਿੱਖ 'ਚ ਖੜੇ ਹੋਣਗੇ ਪਰ ਹਾਲ ਘੜੀ, ਜਿਸ ਪੜਾ ਉਪਰ ਸਾਡੀ ਅਮਲੀ ਜਮਾਤੀ-ਸਿਆਸੀ ਜੱਦੋ-ਜਹਿਦ ਅੱਜ ਖੜੀ ਹੈ ਇਸ ਪੜਾ ਉਪਰ, ਉਹ ਸਵਾਲ ਸਾਡੀ ਲਹਿਰ ਦਾ ਰਾਹ ਨਹੀਂ ਰੋਕਦੇ। ਇਨਕਲਾਬੀ-ਕਮਿਊਨਿਸਟਾਂ ਦੀ ਏਕਤਾ ਬਾਰੇ ਦੂਜੀ ਪਹੁੰਚ ਦੇ ਮੁਦੱਈ ਇਥੋਂ ਤੁਰਦੇ ਹਨ ਕਿ ਅੱਜ ਸਾਨੂੰ ਉਹਨਾਂ ਸਵਾਲਾਂ ਉਪਰ ਜਿਹੜੇ ਸਾਡੀ ਅਮਲੀ ਜਮਾਤੀ-ਸਿਆਸੀ ਜੱਦੋ-ਜਹਿਦ ਸਾਹਮਣੇ ਫੌਰੀ ਤੌਰ 'ਤੇ ਹੱਲ ਕੀਤੇ ਜਾਣ ਲਈ ਖੜੇ ਹਨ, ਇਕ ਸਾਂਝੀ ਸਮਝ ਬਣਾਕੇ ਇਸ ਸਮਝ ਦੇ ਆਧਾਰ 'ਤੇ ਇਨਕਲਾਬੀ-ਜਮਹੂਰੀ ਤਾਕਤਾਂ ਦਾ ਇਕ ਵਿਸ਼ਾਲ ਕੇਂਦਰ ਉਸਾਰ ਲਿਆ ਜਾਵੇ ਅਤੇ ਇਕ ਮੁੱਠ ਹੋਕੇ ਦੁਸ਼ਮਣ ਵਿਰੁੱਧ ਸਾਡੀ ਲੜਾਈ ਨੂੰ ਅੱਗੇ ਵਧਾਇਆ ਜਾਵੇ। ਜਿਹੜੇ ਸਵਾਲਾਂ ਦਾ ਭਵਿੱਖ 'ਚ ਸਾਡੀ ਲਹਿਰ ਨਾਲ ਵਾਹ ਪੈਣਾ ਹੈ ਉਹਨਾਂ ਉਪਰ ਮੌਜੂਦ ਮੱਤਭੇਦਾਂ ਨੂੰ ਬਰਕਰਾਰ ਰੱਖਿਆ ਜਾਵੇ, ਇਹਨਾਂ ਨੂੰ ਹੱਲ ਕਰਨ ਲਈ ਲੋੜੀਂਦੀ ਵਿਚਾਰਧਾਰਕ-ਸਿਆਸੀ ਬਹਿਸ ਵਿਚਾਰ ਨੂੰ ਜਾਰੀ ਰੱਖਿਆ ਜਾਵੇ। ਅਤੇ ਜਦੋਂ ਉਹਨਾਂ ਨਾਲ ਸਾਡਾ ਅਮਲ 'ਚ ਵਾਹ ਪਿਆ ਉਦੋਂ ਉਹਨਾਂ ਨੂੰ ਹੱਲ ਕਰ ਲਿਆ ਜਾਵੇ। ਇੱਥੇ ਮੈਂ ਇਕ ਉਦਾਹਰਣ ਦੇ ਕੇ ਗੱਲ ਕਰਨੀ ਚਾਹਾਂਗਾ। ਸਾਡੀ ਲਹਿਰ ਅੰਦਰ ਮੱਤਭੇਦ ਵਾਲਾ ਇਕ ਸਵਾਲ ਇਹ ਹੈ ਕਿ ਕੀ ਭਾਰਤ ਅੰਦਰ ਇਨਕਲਾਬ ਦੇਸ਼-ਵਿਆਪੀ ਹਥਿਆਰਬੰਦ ਆਮ ਬਗਾਵਤ ਰਾਹੀਂ ਜਿੱਤ ਤੱਕ ਪਹੁੰਚੇਗਾ ਜਾਂ ਆਧਾਰ ਇਲਾਕੇ ਬਣਾਉਂਦਿਆਂ ਹੋਇਆਂ ਲਮਕਵੇਂ ਲੋਕ ਯੁੱਧ ਰਾਹੀਂ ? ਭਾਵੇਂ ਇਹ ਇਕ ਅਹਿਮ ਸਵਾਲ ਹੈ ਪਰ ਫਿਰ ਵੀ ਇਹ ਅਜੇ ਸਾਡੀ ਲਹਿਰ ਸਾਹਮਣੇ ਖੜਾ ਅਜਿਹਾ ਸਵਾਲ ਨਹੀਂ ਜਿਸਨੂੰ ਤੁਰੰਤ ਹੱਲ ਕਰਕੇ ਹੀ ਅਗੇ ਵਧਿਆ ਜਾ ਸਕਦਾ ਹੋਵੇ। ਅਜੇ ਸਾਡੀ ਅਮਲੀ ਜਮਾਤੀ-ਸਿਆਸੀ ਜੱਦੋ-ਜੱਹਿਦ ਅਜਿਹੇ ਪੜਾ ਉਪਰ ਹੈ ਜਿਥੇ ਅਜੇ ਮਜ਼ਦੂਰ ਜਮਾਤ ਪੂਰੀ ਤਰ੍ਹਾਂ ਟਰੇਡ ਯੂਨੀਅਨਾਂ ਵਿਚ ਵੀ ਜੱਥੇਬੰਦ ਨਹੀਂ, ਜਿਥੇ ਅਜੇ ਭਾਰਤੀ ਹਕੂਮਤ ਵਿਰੁੱਧ ਜਿਹੜੀਆਂ ਵੀ ਜਮਾਤੀ-ਸਿਆਸੀ ਜੱਦੋ-ਜਹਿਦਾਂ ਚੱਲ ਰਹੀਆਂ ਹਨ, ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੱਧਰ 'ਤੇ ਹੋਣ, ਉਹਨਾਂ ਉਪਰ ਸਾਡੀ ਮੁਕੰਮਲ ਅਗਵਾਈ ਸਥਾਪਤ ਨਹੀਂ। ਅਜੇ ਸਾਡੇ ਸਾਹਮਣੇ ਮਜ਼ਦੂਰ ਜਮਾਤ ਨੂੰ, ਜਿਸਦੀ ਅਗਵਾਈ 'ਚ ਇਨਕਲਾਬੀ ਜੰਗ ਲੜੀ ਜਾਣੀ ਹੈ, ਜੱਥੇਬੰਦ ਕਰਨ ਦਾ ਮੁੱਢਲਾ ਕਾਰਜ ਹੀ ਮੂੰਹ ਅੱਡੀਂ ਖੜ੍ਹੇ ਅਤੇ ਅਜੇ ਅਸੀਂ ਮਜ਼ਦੂਰ ਜਮਾਤ ਦੀਆਂ ਸੰਗੀ ਜਮਾਤਾਂ ਨੂੰ ਆਪਣੀ ਅਗਵਾਈ ਅਧੀਨ ਲਿਆਉਣੇ । ਅਜੇ ਸਾਡੀ ਲਹਿਰ ਉਸ ਪੜਾ ਉਪਰ ਨਹੀਂ ਪਹੁੰਚੀ ਜਿੱਥੇ ਹਥਿਆਰਬੰਦ ਜੰਗ ਸ਼ੁਰੂ

ਕਰਨ ਦੀ ਲੋੜ ਖੜੀ ਹੋਵੇ। ਇਸ ਲਈ ਅੱਜ ਇਸ ਸਵਾਲ ਨੂੰ ਅਧਾਰ ਬਣਾਕੇ ਵੱਖੋ-ਵੱਖ ਗਰੁੱਪ ਖੜੇ ਕਰਨਾ ਮਹਾਂ ਮੂਰਖਤਾ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਮਨੁੱਖਤਾ ਸਾਹਮਣੇ ਜਦੋਂ ਵੀ ਕੋਈ ਸਵਾਲ ਹੱਲ ਕੀਤੇ ਜਾਣ ਲਈ ਪੇਸ਼ ਹੁੰਦਾ ਹੈ ਤਾਂ ਇਹ ਆਪਣਾ ਹੱਲ ਵੀ ਨਾਲ ਹੀ ਲੈਕੇ ਪੇਸ਼ ਹੁੰਦਾ ਹੈ ਅਤੇ ਸਾਡੀ ਚੇਤਨਾ ਨੇ ਇਸ ਹੱਲ ਨੂੰ ਪਛਾਣਕੇ ਉਸ ਅਨੁਸਾਰ ਅਮਲ ਕਰਨ ਲਈ ਸਾਡੀ ਅਗਵਾਈ ਕਰਨੀ ਹੁੰਦੀ ਹੈ। ਬਿਲਕੁਲ ਇਸੇ ਤਰ੍ਹਾਂ ਉਪ੍ਰੋਕਤ ਸਵਾਲ ਵੀ ਸਾਡੀ ਅਮਲੀ ਜੱਦੋ ਜਹਿਦ ਸਾਹਮਣੇ ਜਦੋਂ ਹੱਲ ਕੀਤੇ ਜਾਣ ਲਈ ਪੇਸ਼ ਹੋਵੇਗਾ ਤਾਂ ਆਪਣਾ ਹੱਲ ਵੀ ਨਾਲ ਹੀ ਲੈ ਕੇ ਪੇਸ਼ ਹੋਏਗਾ, ਉਦੋਂ ਇਸਨੂੰ ਹੱਲ ਕਰ ਸਕਣ ਲਈ ਲੋੜੀਂਦਾ ਆਧਾਰ ਵੀ ਮੌਜੂਦ ਹੋਏਗਾ ਅਤੇ ਇਸਦਾ ਹੱਲ ਸਿਰਫ ਪੰਜਾਂ ਘੰਟਿਆਂ ਦੀ ਬਹਿਸ-ਵਿਚਾਰ ਨਾਲ ਨਿਤਰ ਆਏਗਾ। ਪਰ ਅੱਜ ਜਦੋਂ ਇਹ ਸਵਾਲ ਸਾਡੀ ਅਮਲੀ ਲਹਿਰ ਸਾਹਮਣੇ ਹੱਲ ਕੀਤੇ ਜਾਣ ਲਈ ਅਜੇ ਪੇਸ਼ ਹੀ ਨਹੀਂ ਹੋਇਆ ਅਤੇ ਇਸਨੂੰ ਹੱਲ ਕਰ ਸਕਣ ਲਈ ਲੋੜੀਂਦਾ ਪਦਾਰਥਕ ਆਧਾਰ ਵੀ ਮੌਜੂਦ ਨਹੀਂ ਤਾਂ ਇਸ ਸਮੇਂ ਪੰਜ ਮਹੀਨਿਆਂ ਦੀ ਲੰਬੀ ਪੰਡਤਾਊ ਬਹਿਸ ਵੀ ਇਸਨੂੰ ਹੱਲ ਨਹੀਂ ਕਰ ਸਕੇਗੀ। ਇਸੇ ਤਰ੍ਹਾਂ ਹੋਰ ਅਨੇਕਾਂ ਸਵਾਲ ਹਨ।

ਇਨਕਲਾਬੀ ਕਮਿਊਨਿਸਟਾਂ ਦੀ ਏਕਤਾ ਬਾਰੇ ਸਹੀ ਪਹੁੰਚ, ਜਿਹੜੀ ਅੱਜ ਦੀਆਂ ਠੋਸ ਹਾਲਤਾਂ ਨਾਲ ਮੇਲ ਖਾਂਦੀ ਹੈ, ਇਹੋ ਹੈ ਕਿ ਅਸੀਂ ਸਾਡੀ ਅਮਲੀ ਜਮਾਤੀ ਸਿਆਸੀ ਜਦੋ ਜਹਿਦ ਸਾਹਵੇਂ ਖੜੇ ਫੌਰੀ ਸਵਾਲਾਂ ਉੱਤੇ ਘੱਟੋ-ਘੱਟ ਸਾਂਝੀ ਸਮਝ ਤਹਿ ਕਰ ਲਈਏ ਅਤੇ ਉਸਦੇ ਆਧਾਰ ਉੱਤੇ ਇਨਕਲਾਬੀ-ਜਮਹੂਰੀ ਤਾਕਤਾਂ ਦਾ ਇਕ ਵਿਸ਼ਾਲ ਇਨਕਲਾਬੀ ਕੇਂਦਰ ਉਸਾਰੀਏ ਅਤੇ ਇੰਝ ਦੁਸ਼ਮਣ ਖਿਲਾਫ ਸਾਡੀ ਲੜਾਈ ਨੂੰ ਅੱਗੇ ਵਧਾਉਣ ਲਈ ਆਪਣੀ ਸਮੁੱਚੀ ਤਾਕਤ ਨੂੰ ਲੜਾਈ ਦੇ ਮੈਦਾਨ 'ਚ ਤਾਇਨਾਤ ਕਰੀਏ। ਇਹ ਘੱਟੋ-ਘੱਟ ਸਾਂਝੀ ਸਮਝ ਅੱਜ ਦੀਆਂ ਠੋਸ ਹਾਲਤਾਂ 'ਚ ਸਾਡੀ ਸਾਂਝੀ ਲਾਈਨ ਹੋਵੇਗੀ ਅਤੇ ਇਸਦੇ ਬੰਧੇਜ 'ਚ ਕੰਮ ਕਰੀਏ। ਜਿਉਂ-ਜਿਉਂ ਸਾਡੀ ਲਹਿਰ ਅੱਗੇ ਵਧੇਗੀ ਤਿਉਂ-ਤਿਉਂ ਜਿਹੜੇ ਸਵਾਲ ਇਸਦੇ ਸਾਹਮਣੇ ਆਉਣਗੇ ਉਹਨਾਂ ਨੂੰ ਅਸੀਂ ਹੱਲ ਕਰਦੇ ਜਾਵਾਂਗੇ। ਇੰਝ ਸਾਡੀ ਲਹਿਰ ਵੀ ਅੱਗੇ ਵਧਦੀ ਜਾਏਗੀ ਅਤੇ ਅਸੀਂ ਇਥੋਂ ਦੀਆਂ ਠੋਸ ਹਾਲਤਾਂ ਨਾਲ ਮੇਲ ਖਾਂਦੀ ਇਕ ਸੱਚੀਂ-ਮੁੱਚੀਂ ਦੀ ਬੁਨਿਆਦੀ ਤੌਰ 'ਤੇ ਸਹੀ ਲਾਈਨ ਵੀ ਵਿਕਸਤ ਕਰ ਲਵਾਂਗੇ ਅਤੇ ਸਥਾਪਿਤ ਕਰ ਲਵਾਂਗੇ। ਇੰਝ ਅਸੀਂ ਇਨਕਲਾਬ ਦੇ ਪਵਿੱਤਰ ਕਾਜ਼ ਨੂੰ ਨੇਪਰੇ ਚਾੜ ਸਕਾਂਗੇ। ਮਨੁੱਖੀ ਗਿਆਨ ਅਮਲ ਅਤੇ ਸਿਧਾਂਤ ਦੀ ਪਰਸਪਰ-ਆਪਸੀ ਕਿਰਿਆ (Mutual-interaction) ਰਾਹੀਂ ਹੀ ਵਿਕਸਤ ਹੁੰਦਾ ਹੈ। ਉਹ ਜਿਹੜੇ ਅਮਲ ਨਾਲੋਂ ਤੋੜਕੇ ਕੁਝ ਵੀ ਕਰਨ ਤੋਂ ਪਹਿਲਾਂ ਆਪਣੀ ਪੂਰੀ-ਸੂਰੀ, ਬੁਨਿਆਦੀ ਤੌਰ 'ਤੇ ਸਹੀ ਲਾਈਨ ਨੂੰ ਸਾਨੂੰ ਮਨਾਉਣ ਦੀ ਜ਼ਿੱਦ ਫੜੀ ਬੈਠੇ ਹਨ ਉਹ ਦਰਅਸਲ ਗਿਆਨ ਦੇ ਵਿਗਿਆਨਕ ਮਾਰਕਸੀ ਸਿਧਾਂਤ ਸੰਬੰਧੀ ਆਪਣੇ ਕੋਰੇਪਣ ਦਾ ਹੀ ਮੁਜ਼ਾਹਰਾ ਕਰ ਰਹੇ ਹਨ। ਇਸ ਲਈ ਅੱਜ ਪੰਜਾਬ ਦੇ ਇਨਕਲਾਬੀ-ਕਮਿਊਨਿਸਟਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗੁਰਸ਼ਰਨ ਭਾ ਜੀ ਦੇ ਸੱਦੇ ਨੂੰ ਪੂਰੇ ਉਤਸ਼ਾਹ ਨਾਲ ਲੈਣ ਅਤੇ ਕੇਂਦਰ ਦੀ ਉਸਾਰੀ ਲਈ ਆਪਣੀ ਸਾਰੀ ਸਮਰੱਥਾ ਜੁਟਾ ਦੇਣ। ਅਜਿਹੇ ਹੀ ਇਕ ਕੁਲ-ਹਿੰਦ ਇਨਕਲਾਬੀ ਕੇਂਦਰ ਇੰਡੀਅਨ ਪੀਪਲਜ਼ ਫਰੰਟ, ਦੀ ਉਸਾਰੀ ਪਹਿਲਾਂ ਹੀ ਹੋ ਚੁੱਕੀ ਹੈ ਅਤੇ ਇਹ ਫਰੰਟ ਆਪਣੇ ਹੋਂਦ 'ਚ ਆਉਣ ਵੇਲੇ ਤੋਂ ਲੈਕੇ ਹੁਣ ਤੱਕ ਲਗਾਤਾਰ ਵਿਸ਼ਾਲ ਹੁੰਦਾ ਆਇਆ ਹੈ ਅਤੇ ਲਗਾਤਾਰ ਮਜ਼ਬੂਤੀ ਦੇ ਰਾਹ ਤੁਰ ਰਿਹਾ ਹੈ। ਸਾਨੂੰ ਇਸ ਕੇਂਦਰ, ਇੰਡੀਅਨ ਪੀਪਲਜ਼ ਫਰੰਟ, ਦੇ ਤਜਰਬੇ ਤੋਂ ਸਿਖਣਾ ਚਾਹੀਦਾ ਹੈ ਅਤੇ ਪੰਜਾਬ ਸਮੇਤ ਸਮੁੱਚੇ ਭਾਰਤ ਦੇ ਇਨਕਲਾਬੀ-ਕਮਿਊਨਿਸਟਾਂ ਨੂੰ ਇਕਮੁੱਠ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

## ਸ਼ੁਰੂ ਕਿੱਥੋਂ ਕਰੀਏ

ਉਪ੍ਰੋਕਤ ਵਿਚਾਰ-ਚਰਚਾ ਤੋਂ ਬਾਅਦ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਬਾਰੇ ਸਹੀ ਪਹੁੰਚ ਦੇ ਮੁਦੱਈ ਪੰਜਾਬ ਦੇ ਇਨਕਲਾਬੀ-ਕਮਿਊਨਿਸਟਾਂ ਸਾਹਮਣੇ ਹੱਲ ਕਰਨ ਲਈ ਜਿਹੜਾ ਸੁਆਲ ਆਉਂਦਾ ਹੈ ਉਹ ਇਹ ਹੈ ਕਿ ਕੇਂਦਰ ਦੀ ਉਸਾਰੀ ਸ਼ੁਰੂ ਕਿਥੋਂ ਕਰੀਏ ? ਨੌਂ ਨਵੰਬਰ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ 'ਚ ਜਿਹੜੀ ਇਤਿਹਾਸਕ ਮੀਟਿੰਗ ਹੋਣ ਜਾ ਰਹੀ ਹੈ ਉਸ ਮੀਟਿੰਗ 'ਚ ਇਸ ਪਹੁੰਚ ਦੇ ਮੁਦੱਈਆਂ ਨੂੰ ਕੇਂਦਰ ਦੀ ਉਸਾਰੀ ਲਈ ਸੂਬਾਈ ਜਥੇਬੰਦਕ ਕਮੇਟੀ ਬਣਾ ਲੈਣੀ ਚਾਹੀਦੀ ਹੈ, ਜਿਸ ਵਿਚ ਉਹਨਾਂ ਜਥੇਬੰਦੀਆਂ ਜਿਹੜੀਆਂ ਇਸ ਕੇਂਦਰ 'ਚ ਸ਼ਾਮਲ ਹੋਣਾ ਚਾਹੁਣ, ਦੇ ਨੁਮਾਇੰਦੇ ਅਤੇ ਹੋਰ ਉਹਨਾਂ ਵਿਅਕਤੀਆਂ ਨੂੰ ਸ਼ਾਮਲ ਕਰ ਲੈਣਾ ਚਾਹੀਦੈ ਜਿਹੜੇ ਇਸ ਕੇਂਦਰ ਨੂੰ ਉਸਾਰ ਸਕਣ ਲਈ ਮੋਹਰੀ ਰੋਲ ਅਦਾ ਕਰ ਸਕਦੇ ਹੋਣ। ਇਹ ਨੁਮਾਇੰਦੇ ਜ਼ਿਲਿਆਂ ਦੇ ਆਧਾਰ 'ਤੇ ਵੀ ਲਏ ਜਾ ਸਕਦੇ ਹਨ। ਉਸ ਮੀਟਿੰਗ 'ਚ ਇਹ ਗੱਲ ਪ੍ਰਵਾਨ ਕੀਤੀ ਜਾਵੇ ਕਿ ਕੇਂਦਰ ਜਮਹੂਰੀ-ਕੇਂਦਰਵਾਦ ਦੇ ਵਿਗਿਆਨਕ ਅਸੂਲ ਅਨੁਸਾਰ ਕੰਮ ਕਰੇਗਾ ਜਿੱਥੇ ਵਿੱਚ ਫੈਸਲੇ ਬਹੁ-ਗਿਣਤੀ, ਘੱਟ-ਗਿਣਤੀ ਦੇ ਆਧਾਰ 'ਤੇ

ਕੀਤੇ ਜਾਇਆ ਕਰਨਗੇ ਅਤੇ ਘੱਟ-ਗਿਣਤੀ ਜਥੇਬੰਦੀ ਦੇ ਅੰਦਰ ਆਪਣੀ ਸਮਝ ਲੈਕੇ ਜਾਣ ਲਈ ਪੂਰੀ ਤਰ੍ਹਾਂ ਆਜ਼ਾਦ ਹੋਵੇਗੀ ਪਰ ਕੇਂਦਰ ਦੇ ਥੜੇ ਤੋਂ ਅਮਲ 'ਚ ਸਿਰਫ ਬਹੁਗਿਣਤੀ ਵੱਲੋਂ ਕੀਤੇ ਗਏ ਫੈਸਲੇ ਹੀ ਲਾਗੂ ਕਰੇਗੀ ਅਤੇ ਜੱਥੇਬੰਦੀ ਅੰਦਰ ਆਪਣੀ ਗੱਲ ਨਾ ਪੁਗਦੀ ਵੇਖਕੇ ਬੋਲੋੜੀ ਫੁੱਟ ਨਹੀਂ ਪਵੇਗੀ।

ਸੂਬਾਈ ਜੱਥੇਬੰਦਕ ਕਮੇਟੀ ਕੇਂਦਰ ਦੇ ਐਲਾਨ-ਨਾਮੇ ਅਤੇ ਵਿਧਾਨ ਦਾ ਖਰੜਾ ਤਿਆਰ ਕਰੇ ਅਤੇ ਸਮੁੱਚੇ ਪੰਜਾਬ 'ਚ ਉਹਨਾਂ ਸਾਰੇ ਸਾਥੀਆਂ ਦੀ ਬਕਾਇਦਾ ਮੈਂਬਰਸ਼ਿਪ ਭਰਤੀ ਕਰੇ ਜਿਹੜੇ ਇਸ ਕੇਂਦਰ 'ਚ ਸ਼ਾਮਲ ਹੋਣਾ ਚਾਹੁਣ। ਜੇ ਐਲਾਨ-ਨਾਮੇ ਅਤੇ ਵਿਧਾਨ ਸੰਬੰਧੀ ਇਕ ਤੋਂ ਵੱਧ ਖਰੜੇ ਵਿਚਾਰਨ ਲਈ ਆ ਜਾਣ, ਚਾਹੇ ਇਹ ਖਰੜੇ ਜਥੇਬੰਦਕ ਕਮੇਟੀ ਦੇ ਮੈਂਬਰਾਂ ਵੱਲੋਂ ਰੱਖੇ ਜਾਣ ਤੇ ਚਾਹੇ ਜਥੇਬੰਦਕ ਕਮੇਟੀ ਤੋਂ ਬਾਹਰਲੇ ਕੇਂਦਰ ਦੇ ਕਿਸੇ ਹੋਰ ਮੈਂਬਰ ਵੱਲੋਂ ਰੱਖੇ ਜਾਣ, ਤਾਂ ਜਥੇਬੰਦਕ ਕਮੇਟੀ ਇਹਨਾਂ ਸਾਰੇ ਖਰੜਿਆਂ ਉਪਰ ਸਮੁੱਚੀ ਮੈਂਬਰ-ਸ਼ਿਪ ਅੰਦਰ ਬਹਿਸ-ਵਿਚਾਰ ਕਰਾਵੇ। ਕਹਿਣ ਦਾ ਅਰਥ ਇਹ ਕਿ ਕੇਂਦਰ ਦੇ ਐਲਾਨ-ਨਾਮੇ ਤੇ ਵਿਧਾਨ ਤਿਆਰ ਕਰਨ ਲਈ ਸਮੁੱਚੀ ਮੈਂਬਰਸ਼ਿਪ ਨੂੰ ਸ਼ਾਮਲ ਕੀਤਾ ਜਾਵੇ। ਜਥੇਬੰਦਕ ਕਮੇਟੀ ਜ਼ਿਲਾ ਕਾਂਗਰਸਾਂ ਜਥੇ-ਬੰਦ ਕਰੇ ਜਿਹਨਾਂ ਵਿਚ ਜ਼ਿਲੇ ਦੀ ਸਮੁੱਚੀ ਮੈਂਬਰਸ਼ਿਪ ਨੂੰ ਸ਼ਾਮਲ ਕੀਤਾ ਜਾਵੇ। ਜਥੇਬੰਦਕ ਕਮੇਟੀ ਜ਼ਿਲਾ ਕਾਂਗ-ਰਸਾਂ ਜਜੇਬੰਦ ਕਰੇ ਜਿਨ੍ਹਾਂ 'ਚ ਜ਼ਿਲੇ ਦੀ ਸਮੁੱਚੀ ਮੈਂਬਰਸ਼ਿਪ ਡੈਲੀਗੇਟਾਂ ਵਜੋਂ ਹਿਸਾ ਲਵੇ। ਜ਼ਿਲਾ ਕਾਂਗਰਸਾਂ ਆਪਣੇ ਵਿਚੋਂ ਅਨੁਪਾਤ ਵਿਧੀ ਰਾਹੀਂ ਸੂਬਾਈ ਕਾਂਗਰਸ ਲਈ ਡੈਲੀਗੇਟ ਚੁਣਨ। ਇਹਨਾਂ ਡੈਲੀਗੇਟਾਂ ਦੇ ਅਧਾਰ 'ਤੇ ਜਥੇਬੰਦ ਕੀਤੀ ਗਈ ਸੂਬਾਈ ਕਾਂਗਰਸ ਕੇਂਦਰ ਦੇ ਐਲਾਨਨਾਮੇ ਅਤੇ ਵਿਧਾਨ ਨੂੰ ਬਕਾਇਦਾ ਪ੍ਰਵਾਨ ਕਰੇ ਅਤੇ ਫਿਰ ਇਸ ਐਲਾਨਨਾਮੇ ਅਤੇ ਵਿਧਾਨ ਦੇ ਆਧਾਰ 'ਤੇ ਕੇਂਦਰ ਨੂੰ ਬਕਾਇਦਾ ਜਥੇਬੰਦ ਕੀਤਾ ਜਾਵੇ। ਇਸ ਤੋਂ ਅਗੇ ਆਪਣੇ ਐਲਾਨਨਾਮੇ ਅਤੇ ਵਿਧਾਨ ਦੇ ਆਧਾਰ 'ਤੇ ਕੇਂਦਰ ਆਪਣੀਆਂ ਸਰ-ਗਰਮੀਆਂ 'ਚ ਜੁੱਟ ਪਵੇ। ਇਹੋ ਕੇਂਦਰ ਇਕ ਖੁਲ੍ਹਾ ਸਿਆਸੀ ਕੇਂਦਰ ਹੋਵੇ ਅਤੇ ਇਸਦਾ ਬੁਲਾਰਾ, ਇਕੋ ਪੇਪਰ, ਪ੍ਰਕਾਸ਼ਤ ਕੀਤਾ ਜਾਵੇ।

ਸਾਥੀਓ, ਭਵਿੱਖ ਆਪਣਾ ਹੈ, ਆਓ ਮਿਲਕੇ ਹੰਭਲਾ ਮਾਰੀਏ।

**ਨੋਟ :-** ਐਲਾਨ ਨਾਮੇ 'ਚ ਸਿਰਫ ਉਹਨਾਂ ਘੱਟੋ-ਘੱਟ ਸਵਾਲਾਂ ਬਾਰੇ ਹੀ ਸਮਝ ਤਹਿ ਕੀਤੀ ਜਾਵੇ ਜਿਹੜੇ ਸਾਡੇ ਅਮਲੀ ਜਮਾਤੀ-ਸਿਆਸੀ ਜੱਦੋ ਜਹਿਦ ਨਾਲ ਫੌਰੀ ਤੌਰ 'ਤੇ ਸੰਬੰਧਤ ਹੋਣ।

## 5, ਇਨਕਲਾਬੀ ਕੇਂਦਰ ਪੰਜਾਬ ਬਾਰੇ

ਸਤਿਕਾਰਯੋਗ ਭਾ ਜੀ, ਲਾਲ ਸਲਾਮ! ਅਗਸਤ ਦਾ ਸਮਤਾ ਪੜ੍ਹ ਕੇ ਸਾਡੇ ਸਾਰੇ ਸਾਥੀਆਂ ਵਿਚ ਖੁਸ਼ੀ ਦੀ ਇਕ ਲਹਿਰ ਜਹੀ ਦੌੜ ਗਈ ਕਿ ਸਾਡੀਆਂ ਵੀ ਸ਼ਧਰਾਂ ਨੂੰ ਬੂਰ ਪੈਣ ਲਗਾ ਹੈ। ਪੰਜਾਬ ਦੇ ਕਮਿਊਨਿਸਟ ਇਨਕ-ਲਾਬੀਆਂ ਨੂੰ ਇਕ ਕੇਂਦਰ ਵਿਚ ਪਰੋਣ ਲਈ ਤੁਹਾਡੇ ਵਲੋਂ ਦਿਤਾ ਗਿਆ ਸੱਦਾ ਇਕ ਬਹੁਤ ਹੀ ਸਲਾਹੁਣਯੋਗ ਕਦਮ ਹੈ। ਜੇ 9 ਨਵੰਬਰ ਨੂੰ ਹੋ ਰਿਹਾ ਇਕੱਠ ਅਮਲੀ ਰੂਪ ਵਿਚ ਕੁਝ ਅਗੇ ਲੈ ਕੇ ਆਉਂਦਾ ਹੈ ਤਾਂ ਇਹ ਕਮਿ-ਉਨਿਸਟ ਇਨਕਲਾਬੀ ਲਹਿਰ ਦੀ ਮਜ਼ਬੂਤੀ ਵਲ ਪੁਟਿਆ ਗਿਆ ਇਕ ਅਹਿਮ ਕਦਮ ਹੋਵੇਗਾ। ਕਮਿਉ-ਨਿਸਟ ਇਨਕਲਾਬੀਆਂ ਵਿਚਲੀ ਸਿਆਸੀ ਫੁਟ ਨੇ ਇਨ-ਕਲਾਬੀ ਜਮਹੂਰੀ ਲਹਿਰ ਦਾ ਬਹੁਤ ਭਾਰੀ ਨੁਕਸਾਨ ਕੀਤਾ ਹੈ। ਇਸਦਾ ਅਸਰ ਇਥੇ ਕਿਸੇ ਹਦ ਤਕ ਵਿਦੇਸ਼ਾਂ ਵਿਚ ਵੀ ਹੋਇਆ ਹੈ। ਸਾਡੇ ਲਈ ਤੁਹਾਡੇ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਇਹ ਨਿਰਣਾ ਕਰਨਾ ਬਹੁਤ ਮੁਸ਼ਕਿਲ ਹੈ ਕਿ ਕਿਹੜਾ ਗਰੁੱਪ ਠੀਕ ਹੈ ਜਾਂ ਗਲਤ। ਇਸ ਲਈ ਇਹ ਸਾਡੀ ਵੀ ਇਕ ਅਹਿਮ ਲੋੜ ਬਣਦੀ ਹੈ ਕਿ ਭਾਰਤ ਵਿਚ ਕੰਮ ਕਰ ਰਹੇ ਕਮਿਊਨਿਸਟ ਇਨਕਲਾਬੀਆਂ ਦਾ ਇਕ ਕੇਂਦਰ ਹੋਵੇ ਜਿਸਦੇ ਪ੍ਰੋਗਰਾਮ ਅਨੁਸਾਰ ਚਲ ਕੇ ਅਸੀਂ ਵੀ ਭਾਰਤੀ ਕਮਿਊਨਿਸਟ ਵਿਚ ਆਪਣਾ ਬਣਦਾ ਹਿਸਾ ਪਾ ਸਕੀਏ।

ਪੰਜਾਬ ਅੰਦਰ ਪਿਛਲੇ ਪੰਜ-ਛੇ ਸਾਲਾਂ ਤੋਂ ਲੋਕ ਦੁਸ਼ਮਣ ਕੇਂਦਰੀ ਸਰਕਾਰ ਦੀ ਪੈਦਾਇਸ਼ ਫਿਰਕੂ ਹਨੇਰੀ ਨੇ ਜਮਹੂਰੀ ਲਹਿਰ ਨੂੰ ਕਾਫੀ ਢਾਅ ਲਾਈ ਹੈ। ਭਾਵੇਂ ਪੰਜਾਬ ਵਿਚਲੇ ਸਾਰੇ ਨਕਸਲਬਾੜੀ ਗਰੁਪਾਂ ਨੇ ਆਪਣੀ ਆਪਣੀ ਸਮਰਥਾ ਅਨੁਸਾਰ ਇਸਦਾ ਡਟ ਕੇ ਵਿਰੋਧ ਕੀਤਾ ਹੈ ਪਰ ਜੇ ਕਿਤੇ ਇਹ ਲੜਾਈ ਇਕ ਸਾਂਝੇ ਪਲੇਟਫਾਰਮ ਤੇ ਖੜ੍ਹ ਕੇ ਲੜੀ ਜਾਂਦੀ ਤਾਂ ਇਸ ਦਾ ਅਸਰ ਕਿਤੇ ਵੱਧ ਹੁੰਦਾ। ਖੈਰ ਫੇਰ ਵੀ ਕਾਫੀ ਨੁਕਸਾਨ ਕਰਵਾਉਣ ਤੋਂ ਬਾਅਦ ਕੁਝ ਇਨਕਲਾਬੀ ਗਰੁੱਪਾਂ (ਸੁਰਖ ਰੇਖਾ) ਇਨਕਲਾਬੀ ਜਨਤਕ ਲੀਹ, ਜੈਕਾਰਾ, ਟਾਕਰਾ, ਕਮਿਊਨਿਸਟ ਬਰਿਗੇਡ ਤੇ ਦਿਸ਼ਾ) ਵਲੋਂ ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਉਸਾਰਿਆ ਜਾਣਾ ਇਕ ਵਧੀਆ ਉਦਮ ਹੈ। ਅਸੀਂ ਉਹਨਾਂ ਦੇ ਇਸ ਕਦਮ ਨੂੰ ਜੀ ਆਇਆਂ ਆਖਦੇ ਹਾਂ ਅਤੇ ਸਾਥੀਆਂ ਤੋਂ ਆਸ ਕਰਦੇ ਹਾਂ ਕਿ ਉਹਨਾਂ ਦੀ ਇਹ ਏਕਤਾ ਇਕ-ਵਕਤੀ ਨਾ ਰਹਿ ਕੇ ਆਉਣ ਵਾਲੇ ਸੰਘਰਸ਼ਾਂ ਵਿਚ ਵੀ ਕਾਇਮ ਰਹੇਗੀ, ਤਾਂ ਹੀ ਭਾਰਤੀ ਇਨਕਲਾਬ ਨੂੰ ਨੇਪਰੇ ਚਾੜ੍ਹਨ ਵਲ ਅੱਗੇ ਵਧ ਸਕਦੇ ਹਾਂ।

ਅੰਤ ਵਿਚ ਅਸੀਂ ਇਹੋ ਹੀ ਕਹਿਣਾ ਚਾਹੁੰਦੇ ਹਾਂ ਕਿ ਭਾਰਤੀ ਇਨਕਲਾਬੀ ਜਮਹੂਰੀ ਲਹਿਰ ਦੇ ਸਮਰਥਕ ਹੋਣ ਦੇ ਨਾਤੇ ਅਸੀਂ ਕਮਿਊਨਿਸਟ ਇਨਕਲਾਬੀਆਂ ਵਿਚ ਏਕਤਾ ਦੇ ਸੱਚੇ ਦਿਲੋਂ ਚਾਹਵਾਨ ਹਾਂ ਅਤੇ ਸਾਥੀਆਂ ਤੋਂ ਆਸ ਕਰਦੇ ਹਾਂ ਕਿ ਨੌਂ ਨਵੰਬਰ ਹੋ ਰਹੇ ਇਸ ਇਕੱਠ

ਵਿਚ ਉਹ ਆਪਣੇ ਸਿਆਸੀ ਮਤ-ਭੇਦਾਂ ਨੂੰ ਪਰ੍ਹੇ ਰੱਖਦੇ ਹੋਏ ਏਕਤਾ ਵਾਲੀ ਪਹੁੰਚ ਅਪਨਾਉਣਗੇ ਕਿਉਂਕਿ ਵੱਖ-ਵੱਖ ਗਰੁੱਪਾਂ ਹੇਠ ਕੰਮ ਕਰ ਰਿਹਾ ਕੇਡਰ ਆਪਸ ਵਿਚ ਏਕਤਾ ਦਾ ਚਾਹਵਾਨ ਹੈ। ਜੇ ਆਗੂ ਉਹਨਾਂ ਦੀ ਇਸ ਖਾਹਿਸ਼ ਨੂੰ ਨਜ਼ਰ ਅੰਦਾਜ਼ ਕਰਦੇ ਹਨ ਤਾਂ ਉਹ ਲੋਕਾਂ ਦੇ ਅੰਸਲੀ ਆਗੂ ਨਹੀਂ ਹੋ ਸਕਦੇ।

ਇਨਕਲਾਬੀ ਸ਼ੁਭ ਇਛਾਵਾਂ ਨਾਲ
ਜੁਗਿੰਦਰ, ਪਰਮਜੀਤ, ਬਖਸ਼, ਅਮਰਜੀਤ।
ਐਡਮੰਨਟਨ, ਕੈਨੇਡਾ

**6:** ਸਤਿਕਾਰਯੋਗ ਗੁਰਸ਼ਰਨ ਜੀ,

ਸਭ ਤੋਂ ਪਹਿਲਾਂ ਅਸੀਂ ਤੁਹਾਨੂੰ, ਪੰਜਾਬ ਦੇ ਸਮੂਹ ਇਨਕਲਾਬੀਆਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਹੋਣ ਲਈ ਸੱਦਾ ਦੇਣ ਲਈ ਵਧਾਈ ਦਿੰਦੇ ਹਾਂ। ਇਹ ਬੀੜਾ ਚੁੱਕਕੇ ਤੁਸੀਂ ਅਪਣਾ ਇਤਿਹਾਸਕ ਫ਼ਰਜ਼ ਪੂਰਾ ਕਰ ਰਹੇ ਹੋ; ਜਿਸ ਦੀ ਸਮਾਂ ਤੁਹਾਡੇ ਵਰਗੀ ਸ਼ਖਸੀਅਤ ਤੋਂ ਮੰਗ ਕਰਦਾ ਹੈ। ਅਜੋਕੀਆਂ ਬਾਹਰਮੁੱਖੀ ਹਾਲਤਾਂ ਨੂੰ ਇਨ-ਕਲਾਬ ਦੇ ਹੱਕ ਵਿਚ ਵਰਤਣ ਲਈ ਅਤੇ ਦੇਸ਼ ਭਰ ਵਿਚ ਫੁੱਟੀਆਂ ਤੇ ਫੁੱਟ ਰਹੀਆਂ ਜਥੇਬੰਦ ਇਨਕਲਾਬੀ ਲਹਿਰਾਂ ਜਾਂ ਆਪ-ਮੁਹਾਰੀਆਂ ਲਹਿਰਾਂ ਨੂੰ ਸਹੀ ਦਿਸ਼ਾ ਦੇਣ ਅਤੇ ਸਮੁੱਚੀ ਇਨਕਲਾਬੀ ਜਮਹੂਰੀ ਲਹਿਰ ਨੂੰ ਮਜ਼ਬੂਤ ਕਰਨ ਲਈ, ਇਕ ਦੇਸ਼ ਪੱਧਰ ਦੇ ਸਾਂਝੇ ਇਨਕਲਾਬੀ ਕੇਂਦਰ ਦੀ ਉਸਾਰੀ-ਅੱਜ ਸਮੇਂ ਦੀ ਸਭ ਤੋਂ ਅਹਿਮ ਲੋੜ ਹੈ। ਅਸੀਂ ਉਮੀਦ ਕਰਦੇ ਹਾਂ ਕਿ 9 ਨਵੰਬਰ ਨੂੰ ਬੁਲਾਇਆ ਇਨਕਲਾਬੀ ਇਕੱਠ, ਇਸ ਘਾਟੇ ਨੂੰ ਸੂਬਾਈ ਪੱਧਰ ਤੇ ਪੂਰੀ ਕਰਨ ਵਿਚ ਸਹਾਈ ਹੋਵੇਗਾ।

ਇਸ ਕੇਂਦਰ ਦੀ ਸਮਝ ਅਤੇ ਬਣਤਰ ਸਬੰਧੀ ਅਸੀਂ ਅਪਣੇ ਵਿਚਾਰ ਤੇ ਸੁਝਾਅ ਭੇਜ ਰਹੇ ਹਾਂ :-

o ਸਾਡਾ ਸੁਝਾਅ ਹੈ ਕਿ ਇਸ ਲਈ "ਇਨਕਲਾਬੀ ਏਕਤਾ ਕੇਂਦਰ, ਪੰਜਾਬ" ਸਭ ਤੋਂ ਢੁਕਵਾਂ ਨਾਂ ਹੋਵੇਗਾ।

o ਇਨਕਲਾਬੀ ਏਕਤਾ ਕੇਂਦਰ ਲਈ ਇਹ ਜ਼ਰੂਰੀ ਹੈ ਕਿ ਲੋਕਾਂ ਦੇ ਵੱਧ ਤੋਂ ਵੱਧ ਨੇੜੇ ਆਉਣ ਲਈ ਤੇ ਅਪਣੇ ਆਪ ਨੂੰ ਲੋਕਾਂ ਦੀ ਪ੍ਰਤੀਨਿਧ ਸੰਸਥਾ ਬਣਾਉਣ ਲਈ, ਇਹ ਜ਼ਰੂਰੀ ਹੈ ਕਿ ਇਹ ਕੇਂਦਰ ਅਪਣੀ ਹਰ ਸਰਗਰਮੀ-ਪ੍ਰਚਾਰ ਤੇ ਅੰਦੋਲਨ ਲੋਕਾਂ ਦੇ ਨਾਂ ਤੇ ਕਰੇ-ਕਮਿਊਨਿਸਟਾਂ ਜਾਂ ਨਕਸਲਵਾਦੀਆਂ ਦੇ ਨਾਂ ਤੇ ਨਹੀਂ। ਉਂਝ ਭਾਵੇਂ ਹੋਵੇਗੀ ਇਹ ਵੀ ਵਿਗਿਆਨਕ ਵਿਚਾਰਧਾਰਾ ਦੀ ਰੌਸ਼ਨੀ ਵਿਚ ਹੀ।

o ਅੱਜ ਭਾਵੇਂ ਦੇਸ਼ ਭਰ ਦੇ ਤੇ ਪੰਜਾਬ ਦੇ ਲੋਕ, ਵਰਤਮਾਨ ਸਮਾਜਕ ਪ੍ਰਬੰਧ ਅਤੇ ਆਮ ਜਾਣੀਆਂ ਜਾਂਦੀਆਂ ਪਾਰਟੀਆਂ ਤੋਂ ਬੁਰੀ ਤਰ੍ਹਾਂ ਅੱਕੇ ਹੋਏ ਹਨ-ਪਰ ਕੋਈ ਯੋਗ ਬਦਲ ਨਾ ਹੋਣ ਕਾਰਨ ਉਹ ਜਾਂ ਤਾਂ ਮੁੜ ਮੁੜ ਉਨ੍ਹਾਂ ਦੇ ਚੱਕਰ ਵਿਚ ਫਸ ਜਾਂਦੇ ਹਨ ਤੇ ਜਾਂ ਉਨ੍ਹਾਂ ਦੀ ਇਸ ਪ੍ਰੇਸ਼ਾਨੀ ਤੇ ਅਸਪੱਸ਼ਟਤਾ ਕਾਰਨ ਅਨੇਕਾਂ ਵੰਨ-ਸੁਵੰਨੀਆਂ ਰੂੜੀਵਾਦੀ ਤੇ ਗੈਰ ਵਿਗਿਆਨਕ ਸੰਸਥਾਵਾਂ, ਆਏ-ਦਿਨ ਸ਼ਕਤੀਸ਼ਾਲੀ ਹੋ ਰਹੀਆਂ ਹਨ। ਸੋ ਇਨ-ਕਲਾਬੀ ਏਕਤਾ ਕੇਂਦਰ ਨੂੰ, ਭਾਰਤੀ ਲੋਟੂਆਂ ਦੀ ਮੁੱਖ ਪ੍ਰਤੀਨਿਧ ਹੁਕਮਰਾਨ ਕਾਂਗਰਸ ਸਰਕਾਰ, ਇਸ ਸਿਸਟਮ ਦੀ ਰੱਖਿਆ ਵਿਚ ਜੁਟੀਆਂ ਅਖੌਤੀ 'ਵਿਰੋਧੀ' ਪਾਰਟੀਆਂ ਤੇ ਹੋਰਨਾਂ ਗੁੰਮਰਾਹਕੁੰਨ ਪਿਛਾਖੜੀ ਸ਼ਕਤੀਆਂ ਦੇ ਮੁਕਾਬਲੇ-ਤੀਸਰੀ ਸਿਆਸੀ ਧਿਰ ਜਾਂ ਇਨਕਲਾਬੀ ਬਦਲ ਵਜੋਂ ਪ੍ਰਚਾਰਿਆ ਤੇ ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਜੋ ਪੰਜਾਬੀ ਲੋਕਾਂ ਦੀਆਂ ਇਛਾਵਾਂ ਤੇ ਉਮੰਗਾਂ ਦੀ ਪੂਰਤੀ ਲਈ ਹਰ ਕਿਸਮ ਦੇ ਘੋਲਾਂ ਨੂੰ ਖਾੜਕੂ ਤੇ ਸਹੀ ਅਗੁਵਾਈ ਦੇਣ ਦੇ ਯੋਗ ਹੋਵੇ।

o ਇਨਕਲਾਬੀ ਏਕਤਾ ਕੇਂਦਰ ਨੂੰ ਕਿਸੇ ਵੀ ਧਕਤੀ ਵੱਲ ਅਪਣੇ ਰਵੱਈਏ ਦਾ ਨਿਰਨਾ, ਗੁੰਝਲਦਾਰ ਤੇ ਅਸਪਸ਼ਟ ਸਿਧਾਂਤਕ ਧਾਰਨਾਵਾਂ ਦੇ ਆਧਾਰ ਤੇ ਕਰਨ ਦੀ ਥਾਂ--ਇਸ ਸਪੱਸ਼ਟ ਤੇ ਸਮਝ ਆਉਣ ਵਾਲੇ ਆਧਾਰ ਤੇ ਕਰਨਾ ਚਾਹੀਦਾ ਹੈ ਕਿ ਉਸ ਦਾ ਸਾਡੇ ਵੱਲ ਅਤੇ ਉਨ੍ਹਾਂ ਦੇ ਹੱਕੀ ਘੋਲਾਂ ਵੱਲ ਕੀ ਨਜ਼ਰੀਆ ਹੈ। ਜਿਵੇਂ ਕਿ ਰੂਸ ਜਾਂ ਚੀਨ ਸਮਾਜਵਾਦੀ ਹਨ ਜਾਂ ਨਹੀਂ? ਮਾਰਕਸਵਾਦੀ ਹਨ ਜਾਂ ਸੋਧਵਾਦੀ? ਆਦਿ ਮਸਲਿਆਂ ਬਾਰੇ ਸਿਧਾਂਤਕ ਬਹਿਸ ਨੂੰ ਕਮਿਊਨਿਸਟ ਪਾਰਟੀਆਂ ਤੇ ਗਰੁਪਾਂ ਲਈ ਰਾਖਵੀਂ ਛੱਡ ਕੇ ਇਨਕ-ਲਾਬੀ ਏਕਤਾ ਕੇਂਦਰ ਉਨ੍ਹਾਂ ਵੱਲ ਆਪਣਾ ਨਜ਼ਰੀਆ ਇਸ ਗੱਲ ਤੋਂ ਤਹਿ ਕਰ ਸਕਦਾ ਹੈ ਕਿ ਵਰਤਮਾਨ ਹਾਲਤਾਂ ਵਿਚ ਕੀ ਉਹ ਸਾਡੇ ਇਨਕਲਾਬੀ ਲੋਕ ਘੋਲਾਂ ਦਾ ਸਮਰਥਨ ਕਰਦੇ ਹਨ-ਜਾਂ ਸਾਡੇ ਲੋਕਾਂ ਦੇ ਦੁਸ਼ਮਣ ਲੁਟੇਰਿਆਂ ਦਾ? ਜੇ ਕੋਈ ਸ਼ਕਤੀ ਅੱਜ ਸਾਡੇ ਮਾਮਲਿਆਂ ਵਿੱਚ ਕੋਈ ਲੱਤ ਨਹੀਂ ਅੜਾ ਰਹੀ, ਤਾਂ ਇਨਕਲਾਬੀ ਕੇਂਦਰ ਨੂੰ ਵੀ ਕੋਈ ਜ਼ਰੂਰਤ ਨਹੀਂ ਕਿ ਬਿਨਾਂ ਕਿਸੇ ਅਮਲੀ ਸਮੱਸਿਆ ਤੋਂ ਉਸ ਨੂੰ ਖਾਹ-ਮ-ਖਾਹ ਦੁਸ਼ਮਣ ਗਰਦਾਨ ਕੇ, ਉਸ ਮਗਰ ਕੁਹਾੜਾ ਚੁੱਕੀ ਫਿਰੇ!

o ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਲੁੱਟ ਤੇ ਬੇ-ਇਨਸਾਫੀ ਤੇ ਅਧਾਰਤ ਮੌਜੂਦਾ ਲੋਟੂ ਸਿਸਟਮ ਵਿਰੁਧ ਦਹਾਕਿਆਂ ਤੋਂ ਜਮ੍ਹਾਂ ਹੁੰਦੇ ਆ ਰਹੇ ਲੋਕ-ਰੋਹ ਨੂੰ, ਇਨਕਲਾਬੀਆਂ ਜਾਂ ਕਮਿਊਨਿਸਟਾਂ ਵਲੋਂ ਕੋਈ ਦਰੁਸਤ ਵਿਕਾਸ ਮੁਹੱਈਆ ਨਾ ਕਰ ਸਕਣ ਕਾਰਨ-ਹੁਣ ਇਹ ਵੰਨ-ਸੁਵੰਨੇ ਢੰਗਾਂ ਰਾਹੀਂ ਫੁੱਟਣਾ ਸ਼ੁਰੂ ਹੋ ਗਿਆ ਹੈ। ਸਪਸ਼ਟ ਹੀ ਹੈ ਕਿ ਗੈਰ ਵਿਗਿਆਨਕ ਲੀਹਾਂ ਤੇ ਚੱਲਣ ਵਾਲੇ ਇਨ੍ਹਾਂ ਘੋਲਾਂ ਤੋਂ ਮੁਕੰਮਲ ਤੌਰ ਤੇ ਦਰੁਸਤ ਰਾਹ ਤੇ ਚੱਲਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ-ਪਰ

ਦੇਸ਼ ਦੀਆਂ ਹਾਕਮ ਜਮਾਤਾਂ ਵਾਂਗ, ਇਨ੍ਹਾਂ ਨੂੰ 'ਅਤਵਾਦੀ' 'ਵੱਖਵਾਦੀ' ਜਾਂ 'ਵਿਦੇਸ਼ੀ ਦਖ਼ਲ ਦਾ ਸਿੱਟਾ' ਕਰਾਰ ਦੇ ਕੇ.ਵੀ, ਅਸੀਂ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਨਹੀਂ ਹੋ ਸਕਦੇ। ਲਾਜ਼ਮੀ ਤੌਰ ਤੇ ਸਾਮਰਾਜੀ ਅਤੇ ਉਲਟ ਇਨਕਲਾਬੀ ਤਾਕਤਾਂ ਇਨ੍ਹਾਂ ਨੂੰ ਆਪਣੇ ਹਿੱਤਾਂ ਵਿਚ ਵਰਤਣ ਦੇ ਸਿਰਤੋੜ ਯਤਨ ਕਰਨਗੀਆਂ ਤੇ ਕਰ ਰਹੀਆਂ ਹਨ—ਪਰ ਸਿਰਫ਼ ਉਨ੍ਹਾਂ ਨੂੰ ਜਾਂ ਕੁਝ ਲੋਕਾਂ ਦੀ ਧਾਰਮਕ ਕੱਟੜਤਾ ਤੇ ਮੂਰਖਤਾ ਨੂੰ ਬੁਰਾ ਭਲਾ ਕਹਿਣ ਨਾਲ ਵੀ, ਮਸਲਾ ਹੱਲ ਨਹੀਂ ਹੋਵੇਗਾ।

ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ, ਇਨਕਲਾਬੀ ਏਕਤਾ ਕੇਂਦਰ ਨੂੰ ਜਮਾਤੀ ਸੰਘਰਸ਼ ਦਾ ਵਿਕਾਸ ਕਰਨ ਦੇ ਨਾਲ ਨਾਲ, ਦੇਸ਼ ਦੀਆਂ ਕੌਮੀ ਤੇ ਧਾਰਮਕ, ਘੱਟ ਗਿਣਤੀਆਂ ਅਤੇ ਪਛੜੇ ਤੇ ਕਮਜ਼ੋਰ ਤਬਕਿਆਂ ਤੇ ਸਮੱਸਿਆਵਾਂ ਦੇ ਨਿਆਂ ਪੂਰਵਕ ਤੇ ਜਮਹੂਰੀ ਹੱਲ ਲਈ, ਇਕ ਵਿਸ਼ਾਲ ਸਾਂਝਾ ਮੋਰਚਾ ਉਸਾਰਨ ਲਈ ਪਹਿਲ-ਕਦਮੀ ਕਰਨੀ ਪਵੇਗੀ। ਇਹ ਹੀ ਰਾਹ ਹੈ, ਜਿਸ ਤੇ ਚੱਲ ਕੇ ਇਨਕਲਾਬੀ ਏਕਤਾ ਕੇਂਦਰ, ਅਜਿਹੇ ਘੋਲਾਂ ਨੂੰ—ਮੌਜੂਦਾ ਸਿਸਟਮ ਦੀ ਥਾਂ, ਦੇਸ਼ ਵਿਚ ਇਕ ਬੁਨਿਆਦੀ ਤੌਰ ਤੇ ਵੱਖਰੇ ਮੁਕੰਮਲ ਜਮਹੂਰੀਅਤ ਅਤੇ ਬਰਾਬਰੀ 'ਤੇ ਅਧਾਰਤ ਸਵੈ ਇੱਛਕ ਏਕਤਾ ਵਾਲੇ ਫੈਡਰਲ ਢਾਂਚੇ ਦੀ ਸਥਾਪਨਾ ਦੇ ਹੱਕ ਵਿਚ, ਭਾਵ ਸਹੀ ਦਿਸ਼ਾ ਵੱਲ ਸੇਧਤ ਕਰਕੇ, ਉਨ੍ਹਾਂ ਉਤੋਂ ਗੈਰ ਵਿਗਿਆਨਕ ਤੇ ਪਿਛਾਖੜੀ ਵਿਚਾਰਾਂ ਅਤੇ ਸਾਮਰਾਜੀ ਸ਼ਕਤੀਆਂ ਦਾ ਪ੍ਰਭਾਵ ਖਤਮ ਕਰ ਸਕਦਾ ਹੈ। ਸਿਰਫ ਇਹ ਹੀ ਹਕੂਮਤੀ ਜਬਰ, ਫਿਰਕੂ ਦਹਿਸ਼ਤ ਤੇ ਕਤਲੋ-ਗਾਰਤ ਅਤੇ ਹੋਰਨਾਂ ਸਮਾਜ ਵਿਰੋਧੀ ਅਲਾਮਤਾਂ ਦਾ ਸਫਲਤਾ ਪੂਰਵਕ ਟਾਕਰਾ ਕਰਨ ਦਾ, ਮੁਸ਼ਕਿਲਾਂ ਭਰਿਆ—ਪਰ ਯੋਗ ਰਾਹ ਹੈ। ਸੋ ਇਨ: ਏਕਤਾ ਕੇਂਦਰ ਨੂੰ ਇਸੇ ਦਿਸ਼ਾ ਵਿਚ ਕੰਮ ਆਰੰਭਣਾ ਪਵੇਗਾ।

**ਇਨਕਲਾਬੀ ਏਕਤਾ ਕੇਂਦਰ ਦੀ ਰੂਪ-ਰੇਖਾ ਤੇ ਜਥੇਬੰਦਕ ਢਾਂਚੇ ਸੰਬੰਧੀ :**

ਬੀਤੇ ਸਮੇਂ ਵਿਚ ਸਾਡੇ ਕ੍ਰਿ: ਇਨਕਲਾਬੀ ਗੁਰੁਪ ਤੇ ਉਨ੍ਹਾਂ ਨਾਲ ਸੰਬੰਧਤ ਜਥੇਬੰਦੀਆਂ, ਕਦੇ ਵੀ ਦੇਸ਼ ਦੀ ਜਨਤਾ ਸਾਹਮਣੇ, "ਇਨਕਲਾਬੀ ਬਦਲ" ਵਜੋਂ ਕਿਸੇ ਖੁਲ੍ਹੇ ਰਾਜਨੀਤਕ ਪਲੇਟਫਾਰਮ ਜਾਂ ਮੋਰਚੇ ਦਾ ਸਪਸ਼ਟ ਸੰਕਲਪ ਨਹੀਂ ਉਭਾਰ ਸਕੀਆਂ। ਇਨਕਲਾਬੀ ਏਕਤਾ ਕੇਂਦਰ ਨੂੰ, ਇਸ ਘਾਟ ਦੀ ਪੂਰਤੀ ਕਰਨੀ ਪਵੇਗੀ ਅਤੇ ਆਪਣੇ ਆਪ ਨੂੰ, ਇਨਕਲਾਬੀ, ਜਮਹੂਰੀ ਅਤੇ ਦੇਸ਼-ਭਗਤ ਲੋਕਾਂ ਦੇ ਇਕ 'ਆਮ ਸਿਆਸੀ ਸਾਂਝੇ ਮੰਚ' ਵਜੋਂ ਸੰਥਾਪਤ ਕਰਨਾ ਪਵੇਗਾ—ਜੋ ਇਕ ਸੂਬਾਈ ਪੱਧਰ ਤੇ ਪੰਜਾਬੀ ਲੋਕਾਂ ਦੇ ਹਰ ਘੋਲ ਦੀ ਸਰਬ-ਪੱਖੀ ਅਗ੍ਰਵਾਈ ਕਰਨ ਦੇ ਯੋਗ ਹੋਵੇ।

ਇਨਕਲਾਬੀ ਏਕਤਾ ਕੇਂਦਰ ਦਾ ਜਥੇਬੰਦਕ ਤਾਣਾ-ਬਾਣਾ, ਫਿਲਹਾਲ ਸੂਬਾਈ ਕਮੇਟੀ ਤੇ ਜ਼ਿਲਾ ਕਮੇਟੀਆਂ ਤਕ ਹੀ ਸੀਮਿਤ ਹੋਣਾ ਚਾਹੀਦਾ ਹੈ। ਤਾਂ ਜੋ ਬਿਲਕੁਲ ਹੇਠਲੇ ਪੱਧਰ ਤੇ ਕੰਮ-ਢੰਗ ਅਤੇ ਨੀਤੀ ਦੀ ਸਪਸ਼ਟਤਾ ਨਾ ਹੋਣ ਕਾਰਨ, ਵੱਖ ਵੱਖ ਧਿਰਾਂ ਦੇ ਸਧਾਰਨ ਕਾਡਰ ਵਿਚਕਾਰ ਜਥੇਬੰਦਕ ਝਗੜੇ ਖੜੇ ਨਾ ਹੋਣ ਅਤੇ ਸਬੰਧਤ ਜਥੇਬੰਦੀਆਂ ਦੇ ਸਥਾਨਕ ਯੂਨਿਟਾਂ ਦੀ ਆਜ਼ਾਦਾਨਾ ਸਰਗਰਮੀ ਤੇ ਪਹਿਲ ਕਦਮੀ ਵਿਚ ਕੋਈ ਅੜਿਕਾ ਨਾ ਪਵੇ।

ਇਨਕਲਾਬੀ ਕੇਂਦਰ ਦੀਆਂ ਹਰ ਪੱਧਰ ਦੀਆਂ ਕਮੇਟੀਆਂ ਦਾ ਆਕਾਰ, ਵੱਡਾ ਮਿਥਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਚ ਸ਼ੁਭਨਾਂ ਇੱਛੁਕ ਧਿਰਾਂ ਦੇ ਵਿਅਕਤੀਆਂ ਨੂੰ ਯੋਗ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ। ਇਹ ਪ੍ਰਤੀਨਿਧਤਾ, ਸਿਰਫ ਸਬੰਧਤ ਜਥੇਬੰਦੀ ਦੀ ਮੈਂਬਰਸ਼ਿਪ ਦੇ ਆਧਾਰ ਤੇ ਹੀ ਨਾ ਹੋਵੇ—ਸਗੋਂ ਮੈਂਬਰਸ਼ਿਪ, ਜਥੇਬੰਦਕ ਤਾਕਤ, ਮਹੱਤਤਾ, ਪ੍ਰਭਾਵ ਅਤੇ ਸੀਮਤਾਈਆਂ ਆਦਿ ਸਭ ਪੱਖਾਂ ਨੂੰ ਧਿਆਨ ਵਿਚ ਰੱਖ ਕੇ ਦਿਤੀ ਜਾਵੇ।

ਇਨਕਲਾਬੀ ਏਕਤਾ ਕੇਂਦਰ ਦੀ ਮੈਂਬਰਸ਼ਿਪ ਦੋ ਕਿਸਮ ਦੀ—ਵਿਅਕਤੀਗਤ ਅਤੇ ਜਥੇਬੰਦੀਆਂ ਨੂੰ ਸੰਬੰਧਤ ਕਰਨ ਰਾਹੀਂ—ਹੋਣੀ ਚਾਹੀਦੀ ਹੈ। ਮੈਂਬਰਸ਼ਿਪ ਦੀਆਂ ਸ਼ਰਤਾਂ ਨਰਮ ਹੋਣ ਤੇ ਇਹ ਵਿਸ਼ਾਲ ਪੱਧਰ ਤੇ ਹੋਵੇ।

ਇਨਕਲਾਬੀ ਕੇਂਦਰ, ਸਭਨਾਂ ਸ਼ਾਮਿਲ ਧਿਰਾਂ ਨੂੰ ਪ੍ਰਵਾਨਿਤ ਘੱਟੋ ਘੱਟ ਪ੍ਰੋਗਰਾਮ ਮੁਤਾਬਿਕ ਹੀ ਕੰਮ ਕਰੇ ਅਤੇ ਘੱਟ ਗਿਣਤੀ ਬਹੁਗਿਣਤੀ ਮੁਤਾਬਿਕ ਫੈਸਲੇ ਲੈਣ ਨੂੰ, ਬਹੁਤ ਹੀ ਵਿਸ਼ੇਸ਼ ਹੰਗਾਮੀ ਹਾਲਤਾਂ ਲਈ ਰੀਜ਼ਰਵ ਰੱਖਿਆ ਜਾਵੇ।

ਇਨਕਲਾਬੀ ਕੇਂਦਰ ਵਿਚ ਸ਼ਾਮਿਲ ਜਥੇਬੰਦੀਆਂ ਨੂੰ, ਪਲੇਟਫਾਰਮ ਤੋਂ ਆਪਣੇ ਵੱਧੋ ਵੱਧ ਪ੍ਰੋਗਰਾਮ ਮੁਤਾਬਿਕ ਸਰਗਰਮੀਆਂ ਕਰਨ ਦੀ ਆਜ਼ਾਦੀ ਹੋਵੇ—ਪਰ ਉਨ੍ਹਾਂ ਨੇ ਇਨ: ਕੇਂਦਰ ਵਿਚ ਪ੍ਰਵਾਨਤ ਘੱਟੋ ਘੱਟ ਸਾਂਝੀ ਸਮਝ ਨੂੰ ਨਕਾਰਨ ਦੀ ਆਗਿਆ ਨਾ ਹੋਵੇ।

ਇਨਕਲਾਬੀ ਕੇਂਦਰ ਵਲੋਂ ਆਪਣੇ ਬੁਲਾਰੇ ਵਜੋਂ ਕੱਢੇ ਜਾਣ ਵਾਲੇ ਪੇਪਰ ਵਿਚ ਜਨਤਕ ਦਿਲਚਸਪੀ ਤੇ ਮਹੱਤਤਾ ਵਾਲੇ ਭੱਖਵੇਂ ਮਸਲਿਆਂ ਸੰਬੰਧੀ ਟਿਪਣੀਆਂ ਅਤੇ ਘੋਲਾਂ ਦੀਆਂ ਰੀਪੋਰਟਾਂ ਦੇ ਨਾਲ ਨਾਲ, ਇਨ: ਕੇਂਦਰ ਦੀਆਂ ਨੀਤੀਆਂ ਤੇ ਕੰਮ ਢੰਗ, ਲੋੜੀਂਦੇ ਅਮਲੀ ਸੁਧਾਰਾਂ ਅਤੇ ਤਬਦੀਲੀਆਂ ਸੰਬੰਧੀ, ਵੱਖ ਵੱਖ

ਧਿਰਾਂ ਤੇ ਵਿਅਕਤੀਆਂ ਦੇ ਵਿਚਾਰਾਂ ਨੂੰ ਛਾਪ ਕੇ ਗੰਭੀਰ ਬਹਿਸ ਚਲਾਈ ਜਾਵੇ। ਪਰ ਇਸ ਵਿਚ ਨੀਵੇਂ ਪੱਧਰ ਦੀ ਟੀਕਾ-ਟਿਪਣੀ ਤੇ ਵਿਅਕਤੀਗਤ ਦੂਸ਼ਨਬਾਜ਼ੀ ਲਈ ਕੋਈ ਥਾਂ ਨਾ ਹੋਵੇ।

ਅਸੀਂ ਆਪਣੇ ਵਲੋਂ ਅਜਿਹੇ ਸਾਂਝੇ ਇਨਕਲਾਬੀ ਸਿਆਸੀ ਕੇਂਦਰ ਦੀ ਸਥਾਪਨਾ ਵਿਚ, ਆਪਣੇ ਪੂਰਨ ਸਹਿਯੋਗ ਅਤੇ ਸ਼ਮੂਲੀਅਤ ਦਾ ਭਰੋਸਾ ਦਿੰਦੇ ਹਾਂ ਅਤੇ ਪੰਜਾਬ ਦੇ ਸਭਨਾਂ ਇਨਕਲਾਬੀ ਧਿਰਾਂ ਤੇ ਸਾਥੀਆਂ ਨੂੰ ਅਪੀਲ ਕਰਦੇ ਹਾਂ ਕਿ ਵਰਤਮਾਨ ਹਾਲਤਾਂ ਦੀ ਗੰਭੀਰਤਾ ਅਤੇ ਲਹਿਰ ਦੀ ਕਮਜ਼ੋਰੀ ਨੂੰ ਵੇਖਦੇ ਹੋਏ, ਉਹ ਵੀ ਇਸ ਕੇਂਦਰ ਦੀ ਸਥਾਪਨਾ ਨੂੰ ਆਪਣੀ ਕਾਰਜ-ਸੂਚੀ ਵਿਚ ਪਹਿਲਾ ਸਥਾਨ ਦੇਣ! ਯਾਦ ਰੱਖੋ—

"ਅੰਧੇਰੋਂ ਮੇਂ ਭਟਕਨੇ ਸੇ, ਅੰਧੇਰੇ ਕਮ ਨਹੀਂ ਹੋਤੇ,
ਸਹਰ ਕੋ ਢੂੰਢਤੇ ਜਾਓ, ਅਭੀ ਤਕ ਰਾਤ ਬਾਕੀ ਹੈ।"

ਇਨਕਲਾਬੀ ਸ਼ੁਭ ਇੱਛਾਵਾਂ ਸਹਿਤ'
ਸੁਖਦਰਸ਼ਨ ਨੱਤ, ਪ੍ਰਵੇਸ਼ ਕੁਮਾਰ, ਹਰਜੀਤ ਸਿੰਘ
ਤੇ ਸਾਥੀ (ਤਲਵਾੜਾ ਟਾਊਨਸ਼ਿਪ)

**7.** ਸਤਿਕਾਰਯੋਗ ਭਾਅ ਜੀ, ਅਸੀਂ ਤੁਹਾਡੇ ਵਲੋਂ ਕਮਿਊਨਿਸਟ ਇਨਕਲਾਬੀਆਂ ਨੂੰ ਇਕ ਕੇਂਦਰ ਵਿਚ ਇਕੱਠੇ ਹੋਣ ਲਈ ਦਿਤੇ ਸੱਦੇ ਦਾ ਸੁਆਗਤ ਕਰਦੇ ਹਾਂ ਅਤੇ ਸੱਚੇ ਦਿਲੋਂ ਚਾਹੁੰਦੇ ਹਾਂ ਕਿ ਉਹ ਸੁਭਾਗਾ ਦਿਨ ਪਰਸੋਂ ਦੀ ਥਾਂਏ ਭਲਕ ਆਵੇ, ਭਲਕ ਦੀ ਥਾਂਏਂ ਅੱਜ ਆਵੇ ਜਦੋਂ ਖਿੰਡਰੀ ਪੁੰਡਰੀ ਲੋਕ ਤਾਕਤ ਮਾੜੇ ਮੋਟੇ ਮਤਭੇਦਾਂ ਨੂੰ ਭੁਲਾ ਕੇ ਇਕ ਜੁੱਟ ਹੋਕੇ ਕੰਮ ਕਰੇ।

ਅਸੀਂ ਇਹ ਵੀ ਸਮਝਦੇ ਹਾਂ ਕਿ ਇਨਕਲਾਬੀ ਗਰੁਪਾਂ ਵਿਚ ਗੰਭੀਰ ਸਿਧਾਂਤਕ ਮਤਭੇਦ ਹਨ ਜਿਨ੍ਹਾਂ ਨੂੰ **Resolve** ਕਰਨ ਤੋਂ ਬਗੈਰ ਕਿਸੇ ਸਾਰਥਿਕ ਏਕਤਾ ਦੀ ਸੰਭਾਵਨਾ ਬਹੁਤ ਘੱਟ ਹੈ ਪਰ ਤੁਹਾਡੇ ਇਸੇ ਸਦੇ ਨਾਲ ਇਸ ਪਾਸੇ ਵਲ ਇਕ ਗੰਭੀਰ ਅਤੇ ਸੁਹਿਰਦ ਵਿਚਾਰ-ਵਿਟਾਂਦਰਾ (ਬਹਿਸ) ਛਿੜਨ ਦੀ ਅਤੇ ਘੱਟੋ ਘੱਟ ਫ਼ਿਰਕਾ ਪ੍ਰਸਤੀ ਦੇ ਖਿਲਾਫ ਸਾਂਝਾ ਪਲੇਟ ਫਾਰਮ ਉਸਰਨ ਦੀ ਪੂਰੀ ਪੂਰੀ ਆਸ ਹੈ ਜਿਸਦੇ ਕਿ ਸਿੱਟੇ ਨਿਸ਼ਚੇ ਹੀ ਏਕਤਾ ਦੇ ਪੱਖ ਵਿਚ ਹਾਂ-ਪੱਖੀ ਹੋਣਗੇ।

ਤੁਹਾਡੀ ਇਹ ਗੱਲ ਵੀ ਸੱਚ ਹੈ ਕਿ ਇਸ ਤਰ੍ਹਾਂ ਦੇ ਇਕ ਇਨਕਲਾਬੀ ਕੇਂਦਰ ਉਸਰਨ ਨਾਲ ਬਾਹਰ ਬੈਠੇ ਲਹਿਰ ਦੇ ਹਮਦਰਦਾਂ ਨੂੰ ਬਹੁਤ ਸੁਖਾਲਾ ਰਹੇਗਾ। ਉਂਞ ਤਾਂ ਸਪੱਸ਼ਟ ਹੀ ਹੈ ਕਿ ਬਾਹਰ ਬੈਠੇ ਹਮਦਰਦ ਲਹਿਰ ਦੇ ਪੂਰੀ ਤਰ੍ਹਾਂ ਸਰਗਰਮ ਹਿੱਸੇਦਾਰ ਨਹੀਂ ਹੋ ਸਕਦੇ ਵੱਧ ਤੋਂ ਵੱਧ ਸਿਰਫ ਸਹਾਇਕ (**Supportive**) ਹੀ ਹੋ ਸਕਦੇ ਹਨ ਪਰ ਇਹ ਵੀ ਨਹੀਂ ਭੁਲਾਉਣਾ ਚਾਹੀਦਾ ਕਿ ਇਥੇ ਬਹੁਤ ਸਾਰੇ ਸਾਥੀਆਂ ਦੇ ਮਨਾਂ 'ਚ ਸਾਡੇ-ਵਡੇਰਿਆਂ (ਗਦਰੀਆਂ) ਵਲੋਂ ਕਾਇਮ ਕੀਤੀਆਂ ਰਵਾਇਤਾਂ ਮਿਸਾਲਾਂ ਹਮੇਸ਼ਾਂ ਹੀ ਜ਼ਿੰਦਾ ਹਨ।

ਨਾਲ ਹੀ ਅਸੀਂ ਪੰਜਾਬ ਪੁਲੀਸ ਦੇ ਚੀਫ ਜ. ਫ. ਰਿਬੇਰੋ ਦੇ ਉਸ ਬਿਆਨ ਵਲ ਉਂਗਲ ਕਰਨੀ ਚਾਹੁੰਦੇ ਹਾਂ ਜਿਸ ਵਿਚ ਉਸਨੇ ਗਿਦੜ ਭਬਕੀ ਮਾਰੀ ਹੈ ਕਿ ਉਹ ਸਾਥੀ ਰਤਨ ਦੇ ਕਤਲ ਦਾ ਬਦਲਾ ਲੈਣ ਵਾਲੇ ਹੈਡ-ਗਾਰਡ ਦੇ ਸਾਥੀਆਂ ਨੂੰ ਫੜਕੇ ਹੀ ਦਮ ਲਵੇਗਾ। ਜਦ ਸਾਥੀ ਦਾ ਕਤਲ ਹੋਇਆ ਤਾਂ ਉਸ ਵੇਲੇ ਤਾਂ ਰਿਬੇਰੋ, 'ਅਮਨ ਕਨੂੰਨ ਦੇ ਇਸ ਰਾਖੇ' ਦੀ ਜ਼ੁਬਾਨ ਨੂੰ ਸ਼ਾਇਦ ਅਧਰੰਗ ਹੋ ਗਿਆ ਸੀ ਤੇ ਹੁਣ ਜਦ ਲੋਕ-ਰਾਖਿਆਂ ਨੇ ਗੁੰਡਿਆਂ ਨੂੰ ਖੁਦ ਸਜ਼ਾ ਦਿਤੀ ਹੈ ਤਾਂ ਇਹਨੂੰ ਮਿਰਚਾਂ ਲੜੀਆਂ ਹਨ, ਅਮਨ ਕਾਨੂੰਨ ਦਾ ਹੇਜ ਉਠਿਆ ਹੈ। ਦਰਅਸਲ ਤਾਂ ਸਾਥੀ ਦੇ ਕਤਲ ਵੇਲੇ ਇਹੋ ਰਿਬੇਰੋ ਸ਼ਾਇਦ ਖੁਸ਼ੀ 'ਚ ਕਛਾਂ ਵਜਾਉਂਦਾ ਹੋਵੇਗਾ। ਇਸ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਲੋਕ ਪੱਖੀ ਸ਼ਕਤੀਆਂ ਤੇ ਜਬਰ ਢਾਹੁਣ ਲਈ ਫਿਰਕੂ ਜਨੂੰਨੀ ਅਤੇ ਇਹ ਹਕੂਮਤੀ ਲਾਣਾ-ਬਾਣਾ ਇਕ (ਅਨ-ਐਲਾਨੇ ਹੀ) 'ਸਾਂਝੇ ਮੁਹਾਜ਼' ਤੇ ਕਿਸ ਤਰ੍ਹਾਂ ਇਕੱਠੇ ਹਨ, ਸਗੋਂ ਇੰਜ ਜਾਪਦਾ ਹੈ ਕਿ **State** (ਸਥਾਪਤ ਢਾਂਚੇ) ਵਲੋਂ ਗਿਣੀ-ਮਿਥੀ ਸਾਜ਼ਿਸ਼ ਅਧੀਨ ਲੋਕ ਸ਼ਕਤੀਆਂ ਨੂੰ ਸਿਰੇ ਦੀਆਂ ਪਿਛਾਖੜੀ ਲੋਕ ਵਿਰੋਧੀ ਸ਼ਕਤੀਆਂ ਨਾਲ ਭਿੜਾ-ਮਾਰਨ ਦੀ ਚਾਲ ਚਲੀ ਜਾ ਰਹੀ ਹੈ। ਇਸੇ ਕਰਕੇ ਹੀ ਰਾਜ ਮਸ਼ੀਨਰੀ ਦੇ ਕਰਿੰਦੇ, ਜਨੂੰਨੀ ਪਿਛਾਖੜਾਂ ਦੇ ਅਜਿਹੇ ਐਕਸ਼ਨਾਂ ਉਤੇ ਉਨ੍ਹਾਂ ਦੀ ਹਮਾਇਤ 'ਚ ਬਿਆਨ ਦਾਗਦੇ ਲਗਦੇ ਹਨ।

ਰਿਬੇਰੋ (ਜੋ ਕਿ ਇਸ ਲੋਕ ਦੁਸ਼ਮਣ ਹਕੂਮਤ ਦਾ ਇਕ ਪਰਖਿਆ ਹੋਇਆ ਵਫਾਦਾਰ ਕੁੱਤਾ ਹੈ) ਨੇ ਅਜਿਹਾ ਕਰਕੇ ਇਸ ਹਕੂਮਤ ਅਤੇ ਇਸਦੀ ਰਾਜ-ਮਸ਼ੀਨਰੀ ਦਾ ਖਾਸਾ ਹੀ ਨੰਗਾ ਕੀਤਾ ਹੈ।

ਲੋਕ ਸਭਿਆਚਕ ਮੰਚ
ਕੈਲਗਰੀ (ਅਲਬਰਟਾ) ਕੈਨੇਡਾ
ਦੇ ਸਾਥੀ

**8.** ਪਿਆਰੇ ਭਾਜੀ,

'ਸਮਤਾ ਅਕਤੂਬਰ 1986 ਵਿਚ 'ਏਕਤਾ ਕੇਂਦਰ' ਉਸਾਰਨ ਬਾਰੇ ਗੁਰਭੇਜ ਸਿੰਘ 'ਸਰਪੰਚ' ਪਲਾਸੌਰ ਦੇ ਦਿੱਤੇ ਸੁਝਾ ਨਾਲ ਮੈਂ ਬਿਲਕੁੱਲ ਸਹਿਮਤ ਹਾਂ ਕਿ ਮਾਰਕਸਵਾਦੀ ਰਾਜਨੀਤਕ ਧਿਰਾਂ ਦੀ ਥਾਂ ਜੇ ਤੁਸੀਂ ਸਮਾਜ ਦੇ ਅਗਾਂਹਵਧੂ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਕੇ 'ਜਮਹੂਰੀ ਏਕੇ' ਲਈ ਯਤਨ ਕਰੋ ਤਾਂ ਕਿਤੇ ਚੰਗਾ ਹੈ। ਮਾਰਕਸਵਾਦੀ ਜਥੇਬੰਦੀਆਂ ਤੇ ਗਰੁੱਪਾਂ ਨੇ ਸਮਾਜ ਦੇ ਬੁਨਿਆਦੀ ਤੇ ਜ਼ਰੂਰੀ ਮਸਲਿਆਂ ਵੱਲ ਧਿਆਨ ਨਾ ਦੇ ਕੇ ਸਿੱਧੇ ਰਾਜਨੀਤਕ ਫਰੰਟ ਤੇ ਕੰਮ

ਕਰਨ ਦੀ ਜੋ ਪਹੁੰਚ ਅਪਣਾਈ ਹੈ ਉਹ ਸਮਾਜ ਦੇ ਸਾਧਾਰਨ ਲੋਕਾਂ ਨੂੰ ਬਿਲਕੁਲ ਰਾਸ ਨਹੀਂ ਆਈ। ਸਮਾਜ ਵਿਚ ਭ੍ਰਿਸ਼ਟਾਚਾਰ, ਸਮਾਜਕ ਕੁਰੀਤੀਆਂ ਆਦਿ ਨਾਲ ਤਾਂ ਅਸੀਂ ਲੜ ਨਹੀਂ ਸਕਦੇ ਪਰ ਉਹ ਸਿਸਟਮ ਜੋ ਇਹਨਾਂ ਬੁਰਾਈਆਂ ਦੀਆਂ ਬੁਨਿਆਦਾਂ ਤੇ ਖੜਾ ਹੈ, ਢਾਹ ਦੇਣ ਦਾ ਨਾਹਰਾ ਮਾਰਦੇ ਹਨ। ਅੱਜ ਕਿੰਨੇ ਨੌਜਵਾਨ ਨਸ਼ਿਆਂ ਵਿਚ ਗਲਤਾਨ ਹਨ, ਦਾਜ ਦਹੇਜ ਬਿਨਾਂ ਕਿੰਨੀਆਂ ਨੌਜਵਾਨ ਲੜਕੀਆਂ ਵਿਆਹੁਣ ਤੋਂ ਬੈਠੀਆਂ ਹਨ। ਸਿਖਿਆ ਦਾ ਦੀਵਾਲਾ ਨਿਕਲ ਗਿਆ ਹੈ ਪਰ ਸਾਡੀਆਂ ਅਧਿਆਪਕ ਜਥੇਬੰਦੀਆਂ ਗਰੇਡ ਸੁਧਾਈਆਂ ਤੇ ਜਥੇਬੰਦੀ ਤੇ ਕਬਜ਼ੇ ਲਈ ਰੁਝੀਆਂ ਹਨ। ਅਤੇ ਇਹ ਕੋਈ ਗੱਲ ਵੀ ਮਾਰਕਸਵਾਦੀ ਅਖਵਾਉਂਦੇ ਕੇਡਰ ਆਪਣੇ ਏਜੰਡੇ ਤੇ ਨਹੀਂ ਲਿਆਉਂਦੇ। ਫਿਰ ਸਾਨੂੰ ਕੀ ਇਹ ਜੋ ਮਰਜ਼ੀ ਕਰਨ। —ਦੀਦ

**9.** ਭਾਅ ਜੀ, Red Salute !

1. ਭਾਅ ਜੀ ਤੁਸੀਂ ਕਈ ਗਰੁਪਾਂ ਨੂੰ ਸੱਦਾ ਨਹੀਂ ਦਿੱਤਾ। ਨਾ ਹੀ ਸੀ.ਪੀ.ਆਈ: ਅਤੇ ਨਾ ਹੀ ਸੀ.ਪੀ. ਆਈ (ਐਮ) ਨੂੰ। ਕੀ ਇਨ੍ਹਾਂ ਸਾਰੀਆਂ ਪਾਰਟੀਆਂ ਦਾ ਕੇਡਰ ਹੀ ਸੋਧਵਾਦੀ ਹੈ ਜਦੋਂ ਕਿ ਭਾਰਤ ਅਤੇ ਬਾਹਰ ਵੀ ਇਨ੍ਹਾਂ ਨੂੰ ਲੋਕ ਮੰਨਦੇ ਹਨ।

2. ਇਸ ਵਿਚ ਹੋਰ ਵੀ ਚੰਗਾ ਹੁੰਦਾ ਜੇਕਰ ਹਿੰਦੋਸਤਾਨ ਪੱਧਰ ਤੇ ਕਮਿਊਨਿਸਟਾਂ ਨੂੰ ਸੱਦਿਆ ਜਾਂਦਾ। ਜਿਵੇਂ ਬਿਹਾਰ, ਬੰਗਾਲ, ਆਂਧਰਾ ਆਦਿ। ਉਨ੍ਹਾਂ ਕਮਿਊਨਿਸਟਾਂ ਕੋਲੋਂ ਬਹੁਤ ਕੁਝ ਸਿਖਿਆ ਜਾ ਸਕਦਾ ਸੀ। ਉਨ੍ਹਾਂ ਨੂੰ ਨਾਲ ਲੈ ਕੇ ਭਾਰਤ ਪੱਧਰ ਤੇ ਇਕ ਪੇਪਰ ਕੱਢਿਆ ਜਾਵੇ। ਫਿਰ ਆਪਣੀ ਆਪਣੀ ਭਾਸ਼ਾ ਵਿਚ ਹਰ ਸੂਬੇ ਵਿਚ ਛਪੇ।

3. ਜਿਹੜੀ ਇਕ ਦੂਸਰੇ ਤੇ ਚਿੱਕੜ ਉਛਾਲੀ ਕੀਤੀ ਜਾ ਰਹੀ ਹੈ। ਇਹ ਚੰਗੀ ਭਾਵਨਾ ਨਾਲ ਉਨ੍ਹਾਂ ਨੂੰ ਰਾਹ ਦੱਸ ਸਕਦੇ ਹਨ।

4. ਕੀ ਭਾਅ ਜੀ ਇਕ ਹੀ ਦਫ਼ਤਰ ਵਿਚ ਜਦੋਂ ਕਿ ਵੱਢੀ ਚੱਲ ਰਹੀ ਹੁੰਦੀ ਹੈ ਤਾਂ ਦੂਸਰੀ ਕੁਰਸੀ ਤੇ ਕਮਿਊਨਿਸ਼ਟ ਬੈਠੇ ਹੁੰਦੇ ਹਨ ਭਾਵੇਂ ਉਹ ਸੀ.ਪੀ.ਆਈ. ਜਾਂ ਸੀ.ਪੀ.ਆਈ. (ਐਮ) ਜਾਂ ਸੀ.ਪੀ.ਆਈ. (ਐਮ. ਐਲ) ਵਿਚੋਂ ਕਿਸੇ ਦੇ ਵੀ ਹੋਣ। ਉਹ ਰਿਸ਼ਵਤ ਦੇ ਖਿਲਾਫ਼ ਕਿਉਂ ਨਹੀਂ ਬੋਲਦੇ। ਸਗੋਂ ਇਹ ਕਹਿੰਦੇ ਹਨ ਅੱਜ ਕਲ ਹਰ ਕੰਮ ਪੈਸੇ ਨਾਲ ਹੋ ਜਾਂਦਾ ਹੈ। ਪਰ ਸਟੇਜਾਂ ਉਪਰ ਜਾ ਕੇ ਕੁਝ ਹੋਰ ਬੋਲਦੇ ਹਨ। ਸਾਡਾ ਤਜਰਬਾ ਹੈ ਕਿ 1984 ਵਿਚ ਬਿਜਲੀ ਬਿੱਲ ਘੋਲ ਚੱਲਿਆ ਸੀ। ਜਿਸ ਦੀ ਅਗਵਾਈ ਬਲਦੇਵ 'ਮਾਨ' ਕਰ ਰਹੇ ਸਨ ਤਾਂ ਇਨਕਲਾਬੀ ਟੈਕਨੀਕਲ ਸਰਵਿਸ ਯੂਨੀਅਨ ਉਸ ਦਾ ਵਿਰੋਧ ਕਰ ਰਹੀ ਸੀ। ਜਦੋਂ ਕੁਝ ਕਰਮਚਾਰੀਆਂ ਤੋਂ ਰਿਸ਼ਵਤ ਵਾਪਸ ਕਰਵਾਈ ਜਾ ਰਹੀ ਸੀ ਤਾਂ ਟੈਕਨੀਕਲ ਸਰਵਿਸ ਯੂਨੀਅਨ ਆਪਣੇ ਮੁਲਾਜ਼ਮਾਂ ਦੀ ਹੀ ਮਦਦ ਕਰ ਰਹੇ ਸਨ। ਕਿਸਾਨਾਂ ਦੀ ਨਹੀਂ। ਪਰ ਕਿਸਾਨ ਇਨਕਲਾਬ ਵਿਚ ਇਨਕਲਾਬੀਆਂ ਦੇ ਕਿੱਲੇ ਹੁੰਦੇ ਹਨ।

5. ਜਦੋਂ ਕਿ ਆਈ.ਸੀ.ਜੀ. ਨੇ ਇਕ ਪੈਂਫਲਿਟ ਕੱਢਿਆ ਹੈ। Trade Union ਮਜ਼ਦੂਰ ਵਰਗ ਦੇ ਖਿਲਾਫ਼ ਇਹੋ ਠੀਕ ਹੀ ਸਾਬਤ ਹੁੰਦਾ ਹੈ।

6. ਸਮਾਜਿਕ ਤੌਰ ਤੇ ਇਨ੍ਹਾਂ ਇਨਕਲਾਬੀਆਂ ਦੀਆਂ ਆਦਤਾਂ ਠੀਕ ਨਹੀਂ ਹੋਨ। ਨਸ਼ਿਆਂ ਦੀ ਵਰਤੋਂ, ਭਰਮਾਂ ਵਹਿਮਾਂ ਵਿਚ ਫੱਸੇ ਹੋਣਾ। ਹੋਰ ਕਈ ਸਮਾਜਕ ਕੁਰੀਤੀਆਂ ਜਿਵੇਂ ਕਿ ਦਾਜ ਆਦਿ ਦੀ, ਵਿਚ ਆਪ ਵੀ ਫਸੇ ਹੋਏ ਹਨ। ਇਨ੍ਹਾਂ ਤੇ ਠੀਕ ਅਮਲ ਕਮਿਊਨਿਸਟ ਹੀ ਨਹੀਂ ਕਰਨਗੇ ਤਾਂ ਹੋਰ ਕੌਣ ਕਰੇਗਾ। ਇਨ੍ਹਾਂ ਹੀ ਗੱਲਾਂ ਨੂੰ ਅਧਾਰ ਬਣਾ ਕੇ ਸੋਚਣ ਦੀ ਲੋੜ ਹੈ। ਅਮਲ ਦੀ ਲੋੜ ਹੈ ਨਾਕਿ ਫੁੱਲਾਂ ਬਾਤਾਂ ਨਾਲ ਇਹ ਕੰਮ ਸਿਰੇ ਚੜ੍ਹੇਗਾ।

7. ਜੇਕਰ ਅੱਗੇ ਤੋਂ ਜਲੰਧਰ ਜਾਂ ਹੋਰ ਕਿਤੇ ਇਹ ਪ੍ਰੋਗਰਾਮ ਹੋਵੇ ਤਾਂ ਹਰ ਕੇਡਰ ਦੇ ਸਾਥੀ ਤੇ ਆਰਥਿਕ ਬੋਝ ਪਾਇਆ ਜਾਵੇ.ਨਾ ਕਿ ਤੁਹਾਡੇ ਤੇ ਭਾਰ ਪਵੇ।

8. ਖਾਸਕਰ ਅੱਤਵਾਦੀਆਂ ਨੂੰ ਕੁਝ ਦਿਖਾਉਣ ਲਈ 9 ਤਰੀਕ ਇਨਕਲਾਬੀ ਬਲਦੇਵ ਸਿੰਘ ਮਾਨ, ਸੁਖਰਾਜ ਖੱਦਰ, ਦਰਸ਼ਨ ਸਿੰਘ ਕਨੇਡਨੀ, ਅਰਜਨ ਸਿੰਘ ਮਸਤਾਨਾ, ਸਮੀਤ ਆਦਿ ਦਾ ਵਰਨਣ ਹੋਣਾ ਚਾਹੀਦਾ ਹੈ। ਤਾਂ ਹੀ ਏਕਤਾ ਬਣ ਸਕਦੀ ਹੈ। ਖਾਸ ਤੌਰ ਤੇ ਕੋਈ ਪ੍ਰੋਗਰਾਮ ਮਿਥਣਾ ਚਾਹੀਦਾ ਹੈ ਤਾਂ ਕਿ ਕੰਮ ਅੱਗੇ ਤੋਰਿਆ ਜਾ ਸਕੇ। ਸਾਰੇ ਸਾਥੀਆਂ ਵਲੋਂ ਲਾਲ ਸਲਾਮ !

ਬਲਬੀਰ ਸਿੰਘ 'ਨੇਤਾ'
ਫਤਹਿਗੜ੍ਹ ਚੂੜੀਆਂ

oo

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਛਪਾਈ ਹਰਮੁਖ ਪ੍ਰਿੰਟਰ, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ ਗੁਰੂ : ਖਾਲਸਾ ਨਿਵਾਸ ਡਾ; ਖਾਲਸਾ ਕਾਲਜ, ਅੰਮ੍ਰਿਤਸਰ-143002 : ਵਰਸ਼ਿਕ ਚੰਦਾਂ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:।

Regd. with Registrar, News Paper vide No. MA/12397-D dated 18.4.80
Post Office No. P/AR—1:3

## ਜਨੂੰਨੀ-ਹਿੰਸਾ ਵਿਰੁੱਧ ਪ੍ਰੈਸ ਦੇ ਨਾਉਂ ਬਿਆਨ

ਸਾਨੂੰ ਭਾਰਤੀ ਕਮਿਊਨਿਸਟ ਪਾਰਟੀ (ਮ—ਲ) ਦੇ ਹਰਮਨ ਪਿਆਰੇ ਲੀਡਰ ਬਲਦੇਵ ਸਿੰਘ ਮਾਨ, ਭਾਰਤੀ ਕਮਿਊਨਿਸਟ ਪਾਰਟੀ ਦੇ ਪੰਜਾਬ ਦੇ ਮਸ਼ਹੂਰ ਲੀਡਰ ਦਰਸ਼ਣ ਸਿੰਘ ਕਨੇਡੀਅਨ ਅਤੇ ਮਾਰਕਸੀ ਪਾਰਟੀ ਦੇ ਡਾਕਟਰ ਅਵਤਾਰ ਸਿੰਘ ਅਤੇ ਹੋਰ ਬੇਕਸੂਰੇ ਹਿੰਦੂ-ਸਿੱਖ ਲੋਕਾਂ ਦੇ ਕਤਲਾਂ ਉਪਰ ਗਹਿਰਾ ਦੁੱਖ ਅਤੇ ਗੁੱਸਾ ਹੈ। ਇਹਨਾਂ ਸਾਥੀਆਂ ਨੂੰ ਵੱਖੋ-ਵੱਖਰੇ ਮੌਕਿਆਂ ਤੇ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਕਿਉਂਕਿ ਉਹ ਧਾਰਮਿਕ ਜਨੂੰਨੀ ਹਿੰਸਾ ਅਤੇ ਖਾਲਿਸਤਾਨ ਬਣਾਏ ਜਾਣ ਦੀ ਵਿਰੋਧਤਾ ਕਰਦੇ ਹਨ।

ਬਲਦੇਵ ਸਿੰਘ ਮਾਨ ਭਾਰਤੀ ਕਮਿਊਨਿਸਟ ਪਾਰਟੀ (ਮ.ਲ.) ਦੀ ਪੰਜਾਬ ਸੂਬਾ ਕਮੇਟੀ ਦੇ ਮੈਂਬਰ ਅਤੇ ਪਾਰਟੀ ਦੇ ਪਰਚੇ "ਹਿਰਾਵਲ ਦਸਤਾ" ਦੇ ਐਡੀਟਰ ਸਨ। ਉਹਨਾਂ ਨੇ ਪਿਛਲੇ 15 ਸਾਲਾਂ ਤੋਂ ਵਿਦਿਆਰਥੀਆਂ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਉਹਨਾਂ ਦੇ ਜਮਹੂਰੀ ਹੱਕਾਂ ਲਈ ਅਤੇ ਹਾਕਮ ਜਮਾਤਾਂ ਦੇ ਜਬਰ ਵਿਰੁੱਧ ਜਥੇਬੰਦ ਕੀਤਾ।

ਦਰਸ਼ਣ ਸਿੰਘ ਕਨੇਡੀਅਨ੍ਹ ਉਹਨਾਂ ਮੁਢਲੇ ਮਜ਼ਦੂਰ ਲੀਡਰਾਂ ਵਿਚੋਂ ਸਨ ਜਿਨ੍ਹਾਂ ਨੇ ਬੀ.ਸੀ. (ਕਨੇਡਾ) ਦੀਆਂ ਲੱਕੜ ਮਿੱਲਾਂ ਦੇ ਕਾਮਿਆਂ ਨੂੰ ਜਥੇਬੰਦ ਕੀਤਾ ਅਤੇ ਜਿਨ੍ਹਾਂ ਨੇ ਭਾਰਤੀ ਕਮਿਊਨਿਟੀ ਨੂੰ ਕਨੇਡਾ 'ਚ ਸਥਾਪਿਤ ਕਰਨ ਵਿਚ ਯੋਗ ਹਿੱਸਾ ਪਾਇਆ। ਉਹ ਭਾਰਤ ਪਰਤਣ ਤੋਂ ਬਾਅਦ ਲੋਕਾਂ ਦੀ ਬੇਹਤਰੀ ਲਈ ਕੰਮ ਕਰਦੇ ਰਹੇ।

ਡਾਕਟਰ ਅਵਤਾਰ ਸਿੰਘ ਸੀ.ਪੀ.ਐਮ. ਦੇ ਉਨ੍ਹਾਂ ਉਘੇ ਵਰਕਰਾਂ ਵਿਚੋਂ ਇਕ ਸਨ ਜਿਹੜੇ ਕਿ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਪਰਦੇਫਾਸ਼ ਕਰਦੇ ਸਨ।

ਭਾਰਤ ਦੇ ਕਿਸਾਨ, ਮਜ਼ਦੂਰ ਅਤੇ ਦੱਬੇ-ਕੁਚਲੇ ਲੋਕ, ਜਿਨ੍ਹਾਂ ਦੀ ਬੇਹਤਰੀ ਅਤੇ ਹੱਕਾਂ ਦੀ ਰਾਖੀ ਲਈ ਇਹਨਾਂ ਸਾਥੀਆਂ ਨੇ ਆਪਣਾ ਜੀਵਨ ਲਾਇਆ, ਇਹਨਾਂ ਦੇ ਕਾਤਲਾਂ ਨੂੰ ਬਰਦਾਸ਼ਤ ਨਹੀਂ ਕਰਨਗੇ। ਇਹ ਕਤਲ ਇਸ ਗੱਲ ਨੂੰ ਹੋਰ ਵੀ ਸਪਸ਼ਟ ਕਰਦੇ ਹਨ ਕਿ ਜਨੂੰਨੀ ਦੱਬੇ-ਕੁਚਲੇ ਲੋਕਾਂ ਦੇ ਹਿਤਾਂ ਖਿਲਾਫ ਹਨ। ਇਹਨਾਂ ਨੂੰ ਆਮ ਲੋਕਾਂ ਦੇ ਹਿਤਾਂ ਨਾਲ ਕੋਈ ਸਰੋਕਾਰ ਨਹੀਂ। ਇਹਨਾਂ ਕਤਲਾਂ ਤੋਂ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਕਿ ਧਾਰਮਿਕ ਜਨੂੰਨੀ ਅਤੇ ਫਿਰਕਾਪ੍ਰਸਤ, ਲੋਕਾਂ ਨੂੰ ਕਿਸੇ ਤਰ੍ਹਾਂ ਜਬਰ-ਜ਼ੁਲਮ ਵਿਰੁੱਧ ਲੜੇ ਜਾਣ ਵਾਲੇ ਘੋਲਾਂ ਤੋਂ ਲਾਂਭੇ ਰੱਖਣ ਲਈ ਉਹਨਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਵਰਤਦੇ ਹਨ।

ਅਸੀਂ ਸਾਰੇ ਅਗਾਂਹਵਧੂ ਅਤੇ ਜਮਹੂਰੀਅਤਪਸੰਦ ਲੋਕਾਂ ਨੂੰ ਇਹਨਾਂ ਦੇ ਸ਼ਰਮਨਾਕ ਅਤੇ ਘਿਨਾਉਣੇ ਕਤਲਾਂ ਦੀ ਡੱਟ ਕੇ ਵਿਰੋਧਤਾ ਕਰਨ ਅਤੇ ਇਕਮੁੱਠ ਹੋ ਕੇ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਫਿਰਕਾਪ੍ਰਸਤ ਕਾਤਲਾਨਾਂ ਅਤੇ ਲੋਕ-ਵਿਰੋਧੀ ਖਾਸੇ ਨੂੰ ਨੰਗਿਆਂ ਕਰਨ ਦਾ ਸੱਦਾ ਦਿੰਦੇ ਹਾਂ।

ਇਹ ਬਿਆਨ ਟੋਰੰਟੋ ਤੋਂ ਹੇਠ ਲਿਖੀਆਂ ਜਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਜਾਰੀ ਕੀਤਾ ਗਿਆ:

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ) ਟੋਰੰਟੋ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ—ਟੋਰੰਟੋ

Joint Sec. Deep Singh Boparai (Ipana)
Sukhraj Kalirai (E.I.W.A.)

---

# ਇਨਕਲਾਬੀ ਏਕਤਾ ਕੇਂਦਰ
# ਦੀ ਉਸਾਰੀ ਲਈ
# 9 ਨਵੰਬਰ ਸਵੇਰੇ 10 ਵਜੇ
# ਦੇਸ਼ ਭਗਤ ਹਾਲ ਜਲੰਧਰ ਵਿਚ ਇਕੱਠੇ ਹੋਵੋ।